# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 1 (ਸਮਾਜ ਵਿਗਿਆਨ) ਸਮੈਸਟਰ ਦੂਜਾ

ਮੀਡੀਅਮ : ਪੰਜਾਬੀ ਯੂਨਿਟ : 1

ਪਾਠ ਨੰ.


1.1 : ਸਮਾਜਿਕ ਪ੍ਰਕ੍ਰਿਆਵਾਂ (ਸਹਿਯੋਗ,ਸਮਾਯੋਜਨ ਅਤੇ ਸਮੀਕਰਨ)

1.2 : ਸਮਾਜਿਕ ਪ੍ਰਕ੍ਰਿਆਵਾਂ (ਪ੍ਰਤਿਯੋਗਤਾ ਅਤੇ ਸੰਘਰਸ਼)

1.3 : ਸਮਾਜਿਕ ਸਮੂਹ

1.4 : ਸਮਾਜਿਕ ਸਮੂਹ ਦੀਆਂ ਕਿਸਮਾਂ


**Department website : www.pbidde.org**

ਪਾਠ ਨੰ. 1.1 ਲੇਖਿਕਾ : ਡਾ. ਹਰਿੰਦਰ ਕੌਰ

## ਸਮਾਜਿਕ ਪ੍ਰਕ੍ਰਿਆਵਾਂ (ਸਹਿਯੋਗ, ਸਮਾਯੋਜਨ ਅਤੇ ਸਮੀਕਰਣ)
## (Co-operation, Accomodation and Assimilation)

ਬਣਤਰ

1.0 ਉਦੇਸ਼
1.1 ਜਾਣ-ਪਛਾਣ
1.2 ਸਮਾਜਿਕ ਪ੍ਰਕ੍ਰਿਆਵਾਂ ਦੀਆਂ ਪਰਿਭਾਸ਼ਾਵਾਂ
1.3 ਸਮਾਜਿਕ ਪ੍ਰਕ੍ਰਿਆ ਦੇ ਜ਼ਰੂਰੀ ਤੱਤ
1.4 ਸਮਾਜਿਕ ਪ੍ਰਕ੍ਰਿਆ ਦੀਆਂ ਕਿਸਮਾਂ
1.5 ਏਕੀਕਰਨ ਕਰਨ ਵਾਲੀਆਂ ਪ੍ਰਕ੍ਰਿਆਵਾਂ
1.5.1 ਸਹਿਯੋਗ ਦਾ ਅਰਥ
1.5.1.1 ਸਹਿਯੋਗ ਦੀਆਂ ਪਰਿਭਾਸ਼ਾਵਾਂ
1.5.1.2 ਸਹਿਯੋਗ ਦੀਆਂ ਵਿਸ਼ੇਸ਼ਤਾਈਆਂ
1.5.1.3 ਸਹਿਯੋਗ ਦੀਆਂ ਕਿਸਮਾਂ
1.5.1.3.1 ਮੈਕਾਈਵਰ ਅਤੇ ਪੇਜ਼ ਅਨੁਸਾਰ ਸਹਿਯੋਗ ਦੀਆਂ ਕਿਸਮਾਂ
1.5.1.3.2 ਗ੍ਰੀਨ ਅਨੁਸਾਰ ਸਹਿਯੋਗ ਦੀਆਂ ਕਿਸਮਾਂ
1.5.1.3.3 ਆਗਬਰਨ ਅਤੇ ਨਿਮਕੌਫ ਅਨੁਸਾਰ ਸਹਿਯੋਗ ਦੀਆਂ ਕਿਸਮਾਂ
1.5.2 ਸਮਾਯੋਜਨ ਦਾ ਅਰਥ
1.5.2.1 ਸਮਾਯੋਜਨ ਦੀਆਂ ਪਰਿਭਾਸ਼ਾਵਾਂ
1.5.2.2 ਸਮਾਯੋਜਨ ਦੀ ਪ੍ਰਕ੍ਰਿਤੀ
1.5.2.3 ਸਮਾਯੋਜਨ ਦੀਆਂ ਵਿਸ਼ੇਸ਼ਤਾਈਆਂ
1.5.2.4 ਸਮਾਯੋਜਨ ਦੀਆਂ ਕਿਸਮਾਂ
1.5.2.5 ਸਮਾਯੋਜਨ ਦੇ ਢੰਗ
1.5.3 ਸਮੀਕਰਣ ਦਾ ਅਰਥ
1.5.3.1 ਸਮੀਕਰਣ ਦੀਆਂ ਪਰਿਭਾਸ਼ਾਵਾਂ
1.5.3.2 ਸਮੀਕਰਣ ਦੀਆਂ ਵਿਸ਼ੇਸ਼ਤਾਈਆਂ
1.5.3.3 ਸਮੀਕਰਣ ਲਈ ਸਹਾਇਕ ਕਾਰਕ
1.5.3.4 ਸਮੀਕਰਣ ਲਈ ਰੁਕਾਵਟ ਪੈਦਾ ਕਰਨ ਵਾਲੇ ਕਾਰਕ
1.6 ਸਾਰ
1.7 ਮੁੱਖ ਸ਼ਬਦ
1.8 ਅਭਿਆਸ ਲਈ ਪ੍ਰਸ਼ਨ
1.9 ਉਪਯੋਗੀ ਪੁਸਤਕਾਂ

### 1.0 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

* ਏਕੀਕਰਣ ਕਰਨ ਵਾਲੀਆਂ ਪ੍ਰਕ੍ਰਿਆਵਾਂ ਦਾ ਵਰਨਣ ਕਰ ਸਕੋਂ।
* ਸਹਿਯੋਗ ਦਾ ਅਰਥ ਸਮਝਾ ਸਕੋ ਅਤੇ ਇਸਦੀਆਂ ਵਿਸ਼ੇਸ਼ਤਾਈਆਂ ਅਤੇ ਕਿਸਮਾਂ ਤੇ ਰੌਸ਼ਨੀ ਪਾ ਸਕੋਂ।

* ਸਮਾਯੋਜਨ ਨੂੰ ਪਰਿਭਾਸ਼ਤ ਕਰ ਸਕੋਂ ਅਤੇ ਇਸਦੀਆਂ ਵਿਸ਼ੇਸ਼ਤਾਈਆਂ ਅਤੇ ਕਿਸਮਾਂ ਦੀ ਚਰਚਾ ਕਰ ਸਕੋਂ।

* ਸਮੀਕਰਣ ਦਾ ਅਰਥ ਸਮਝਾ ਸਕੋਂ ਅਤੇ ਇਸਦੀਆਂ ਵਿਸ਼ੇਸ਼ਤਾਈਆਂ ਬਿਆਨ ਕਰ ਸਕੋਂ।

**1.1 ਜਾਣ ਪਛਾਣ :**

ਸਮਾਜਿਕ ਅੰਤਰਕ੍ਰਿਆ ਜਦੋਂ ਨਿਰੰਤਰ ਭਾਵ ਵਾਰ ਵਾਰ ਹੁੰਦੀ ਹੈ ਤਾਂ ਅਸੀਂ ਇਸਨੂੰ ਸਮਾਜਿਕ ਪ੍ਰਕ੍ਰਿਆ ਦਾ ਨਾਂ ਦਿੰਦੇ ਹਾਂ। ਇਸ ਤੋਂ ਭਾਵ ਹੈ ਕਿ ਸਮਾਜਿਕ ਅੰਤਰ ਕ੍ਰਿਆ ਦੇ ਵੱਖ-ਵੱਖ ਰੂਪਾਂ ਨੂੰ ਹੀ ਸਮਾਜਿਕ ਪ੍ਰਕ੍ਰਿਆ ਦਾ ਨਾਂ ਦਿੱਤਾ ਜਾਂਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਪਹਿਲਾਂ ਸੰਖੇਪ ਵਿਚ ਅੰਤਰ ਕ੍ਰਿਆ ਬਾਰੇ ਜਾਣੀਏ।

ਸਮਾਜਿਕ-ਅੰਤਰ ਕ੍ਰਿਆ ਉਹ ਪ੍ਰਕ੍ਰਿਆ ਹੈ ਜਿਸ ਵਿਚ ਵਿਅਕਤੀ ਜਾਂ ਸਮੂੰਹ ਆਪਸ ਵਿਚ ਅਰਥ ਭਰਪੂਰ ਸੰਪਰਕ ਵਿਚ ਆਉਂਦੇ ਹਨ। ਭਾਵ ਕੁਝ ਲਖਸ਼ਾਂ ਨੂੰ ਪ੍ਰਾਪਤ ਕਰਨ ਲਈ ਇਕ ਦੂਜੇ ਦੇ ਨੇੜੇ ਆਉਂਦੇ ਹਨ ਉਹ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ। ਇਹ ਪ੍ਰਭਾਵ ਜ਼ਰੂਰੀ ਨਹੀਂ ਕਿ ਸਰੀਰਕ ਤੌਰ ਤੇ ਹੋਵੇ ਇਹ ਮਾਨਸਿਕ ਤੌਰ ਤੇ ਵੀ ਹੋ ਸਕਦਾ ਹੈ। ਲੋਕਾਂ ਨਾਲ ਸੰਪਰਕ ਵਿਚ ਆਉਣ ਤੇ ਅਸੀਂ ਮਾਨਸਿਕ ਤੌਰ ਤੇ ਵੀ ਪ੍ਰਭਾਵਿਤ ਹੁੰਦੇ ਹਾਂ। ਲੋਕਾਂ ਦੇ ਸਮਾਜਕ ਕਾਰਜ ਨਾਲ ਸਾਡੀ ਸੋਚ ਬਦਲ ਜਾਂਦੀ ਹੈ। ਉਹ ਸਾਡੇ ਮਨਾਂ ਵਿਚ ਉਤਰ ਜਾਂਦੇ ਹਨ ਜਾਂ ਉਹ ਸਾਡੇ ਮਨਾਂ ਤੋਂ ਲਹਿ ਵੀ ਸਕਦੇ ਹਨ। ਅਸੀਂ ਆਪਣੇ ਚਿਹਰੇ ਦੇ ਹਾਵ-ਭਾਵਾਂ ਜਾਂ ਸੰਕੇਤਾਂ ਰਾਹੀਂ ਵੀ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਾਂ। ਕਿਸੇ ਦੇ ਗੁੱਸੇ ਵਾਲਾ ਚਿਹਰਾ ਜਾਂ ਤੇਵਰ ਚੜ੍ਹੇ ਵੇਖਕੇ ਅਸੀਂ ਉਸਦੀ ਮਾਨਸਿਕ ਅਵਸਥਾ ਦਾ ਝੱਟ ਅਨੁਮਾਨ ਲਗਾ ਲੈਂਦੇ ਹਾਂ। ਇਸੇ ਤਰ੍ਹਾਂ ਸੈਨਤਾਂ ਅਤੇ ਇਸ਼ਾਰਿਆਂ ਨਾਲ ਅਸੀਂ ਕਈ ਗੱਲਾਂ ਕਹਿ ਜਾਂਦੇ ਹਾਂ। ਇਹ ਇਸ਼ਾਰੇ ਨਾਲ, ਹੱਥਾਂ ਨਾਲ ਜਾਂ ਹੋਰ ਅੰਗਾਂ ਰਾਹੀਂ ਕੀਤੇ ਜਾ ਸਕਦੇ ਹਨ। **ਪਾਰਕ** ਅਤੇ **ਬਰਗਸ** ਅਨੁਸਾਰ ਸੰਚਾਰ ਮਾਧਿਅਮ ਤਿੰਨ ਵੱਖ-ਵੱਖ ਪੱਧਰਾਂ ਦਾ ਹੁੰਦਾ ਹੈ। ਗਿਆਨ ਇੰਦ੍ਰੀਆਂ ਰਾਹੀਂ, ਭਾਵਾਂ ਰਾਹੀਂ, ਅਤੇ ਵਿਚਾਰਾਂ ਰਾਹੀਂ। ਪਹਿਲੇ ਦੋਹਾਂ, ਇੰਦ੍ਰੀ-ਆਤਮਿਕ ਅਤੇ ਭਾਵਾਤਮਕ ਮਾਧਿਅਮ ਨੂੰ ਸੰਚਾਰ ਦੇ ਕੁਦਰਤੀ ਰੂਪ ਆਖਿਆ ਜਾਂਦਾ ਹੈ ਕਿਉਂਕਿ ਇਹ ਵਧੇਰੇ ਬੁਨਿਆਦੀ ਹਨ ਅਤੇ ਇਹ ਮਨੁੱਖਾਂ ਅਤੇ ਪਸ਼ੂਆਂ ਵਿਚ ਸਾਂਝੇ ਹੁੰਦੇ ਹਨ। ਇੰਦ੍ਰੀਆਂ ਅਤੇ ਭਾਵਾਂ ਰਾਹੀਂ ਸੰਚਾਰ ਰਵੱਈਏ ਅਤੇ ਭਾਵਨਾਵਾਂ ਉਤਪੰਨ ਕਰਨ ਦੇ ਸਮਰੱਥ ਹੁੰਦਾ ਹੈ। ਇੰਦ੍ਰੀ-ਆਤਮਿਕ ਪੱਧਰ ਤੇ ਦ੍ਰਿਸ਼ਟੀ, ਸੁਣਨ ਅਤੇ ਛੋਹ ਘੱਟ ਜਾਂ ਵੱਧ ਮਾਤਰਾ ਵਿੱਚ ਪ੍ਰਤਿਕ੍ਰਿਆ ਉਤਪੰਨ ਕਰਨ ਵਿਚ ਹਿੱਸਾ ਪਾਉਂਦੇ ਹਨ। ਭਾਵਾਤਮਿਕ ਪੱਧਰ ਤੇ ਚਿਹਰੇ ਦਾ ਪ੍ਰਗਟਾ, ਸ਼ਰਮਾਉਣਾ ਅਤੇ ਹਾਸਾ ਆਦਿ ਪ੍ਰਤਿਕ੍ਰਿਆਵਾਂ ਪੈਦਾ ਕਰਦੇ ਹਨ। ਤੀਜੀ ਪੱਧਰ ਤੇ ਸੰਚਾਰ ਬੁੱਧੀ ਦੇ ਮਾਧਿਅਮ ਰਾਹੀਂ ਹੁੰਦਾ ਹੈ। ਜੋ ਕੇਵਲ ਮਨੁੱਖ ਤਕ ਹੀ ਸੀਮਤ ਹੈ ਇਸਦੇ ਸੰਦ ਭਾਸ਼ਣ ਅਤੇ ਭਾਸ਼ਾ ਹਨ।

ਇਨ੍ਹਾਂ ਸਾਰੇ ਮਾਧਿਅਮਾਂ ਰਾਹੀਂ ਕਰਤਾ ਕ੍ਰਿਆ ਕਰਦਾ ਹੈ ਜੋ ਸੰਪਰਕ ਵਿਚ ਆਉਣ ਵਾਲੇ ਦੂਸਰੇ ਵਿਅਕਤੀ ਵਿਚ ਅੰਤਰਕ੍ਰਿਆ ਉਤਪੰਨ ਕਰਦੀ ਹੈ। ਜੋ ਅੱਗੇ ਜਾ ਕੇ ਸਮਾਜਿਕ ਪ੍ਰਕ੍ਰਿਆ ਬਣ ਜਾਂਦੀ ਹੈ। ਇੱਥੇ ਯਾਦ ਰੱਖਣ ਯੋਗ ਹੈ ਕਿ ਜੇ ਅੰਤਰ ਕ੍ਰਿਆ ਵਾਰ-ਵਾਰ ਨਾ ਹੋਵੇ ਤਾਂ ਉਹ ਪ੍ਰਕ੍ਰਿਆ ਨਹੀਂ ਕਹਿਲਾਵੇਗੀ।

ਇਸ ਤੋਂ ਭਾਵ ਹੈ ਕਿ ਉਹ ਤਰੀਕਾ ਜਿਸ ਵਿਚ ਆਦਮੀ ਇੱਕ ਦੂਜੇ ਨਾਲ ਮਿਲਦੇ ਹਨ ਅਤੇ ਸਬੰਧ ਸਥਾਪਤ ਕਰਦੇ ਹਨ। ਉਨ੍ਹਾਂ ਦੇ ਇਸ ਵਤੀਰੇ ਦਾ ਦੁਹਰਾਓ ਬਾਰ ਬਾਰ ਚਲਦਾ ਰਹਿੰਦਾ ਹੈ। ਸਮਾਜਕ ਪ੍ਰਕ੍ਰਿਆ ਤੋਂ ਬਿਨ੍ਹਾਂ ਸਮਾਜ ਦੀ ਹੋਂਦ ਬਾਰੇ ਖਿਆਲ ਵੀ ਨਹੀਂ ਕੀਤਾ ਜਾ ਸਕਦਾ। ਇਸੇ ਲਈ ਤਾਂ ਸਮਾਜ ਅਲੱਗ ਅਲੱਗ ਸਮਾਜਿਕ ਪ੍ਰਕ੍ਰਿਆਵਾਂ ਦੇ ਰੂਪਾਂ ਦਾ ਪ੍ਰਗਟਾ ਮੰਨਿਆ ਜਾਂਦਾ ਹੈ।

**1.2 ਸਮਾਜਿਕ ਪ੍ਰਕ੍ਰਿਆਵਾਂ ਦੀਆਂ ਪਰਿਭਾਸ਼ਾਵਾਂ :**

ਵੱਖ-ਵੱਖ ਸਮਾਜ ਵਿਗਿਆਨੀਆਂ ਨੇ ਵੱਖ-ਵੱਖ ਤਰੀਕੇ ਨਾਲ ਸਮਾਜਿਕ ਪ੍ਰਕ੍ਰਿਆ ਦੇ ਸੰਕਲਪ ਨੂੰ ਪਰਿਭਾਸ਼ਤ ਕੀਤਾ ਹੈ। ਉਹਨਾਂ ਵਿਚੋਂ ਕੁਝ ਕੁ ਮਹੱਤਵਪੂਰਨ ਪਰਿਭਾਸ਼ਾਵਾਂ ਇਸ ਤਰ੍ਹਾਂ ਹਨ :

**ਜਿਨਸਬਰਗ ਅਨੁਸਾਰ,** ''ਸਮਾਜਿਕ ਪ੍ਰਕ੍ਰਿਆਵਾਂ ਦਾ ਅਰਥ ਵਿਅਕਤੀਆਂ ਅਤੇ ਸਮੂਹਾਂ ਦੇ ਵਿਚਕਾਰ ਅੰਤਰ ਕ੍ਰਿਆਵਾਂ ਦੀਆਂ ਵੱਖ-ਵੱਖ ਵਿਧੀਆਂ ਤੋਂ ਹੈ ਜਿਨ੍ਹਾਂ ਵਿੱਚ ਸਹਿਯੋਗ ਅਤੇ ਸੰਘਰਸ਼, ਸਮਾਜਿਕ ਵਿਭੇਦੀਕਰਣ ਅਤੇ ਏਕੀਕਰਣ, ਵਿਕਾਸ ਅਤੇ ਪਤਨ ਸ਼ਾਮਿਲ ਹਨ।''

**ਮੈਕਾਈਵਰ ਅਤੇ ਪੇਜ** ਆਪਣੀ ਪੁਸਤਕ ''ਸੁਸਾਇਟੀ'' ਵਿਚ ਲਿਖਦੇ ਹਨ ''ਸਮਾਜਕ ਪ੍ਰਕ੍ਰਿਆ ਉਹ

ਵਿਧੀ ਹੈ ਜਿਸ ਵਿਚ ਇਕ ਵਾਰ ਇਕੱਠੇ ਕੀਤੇ ਸਮੂੰਹ ਦੇ ਮੈਂਬਰਾਂ ਤੇ ਸੰਬੰਧ ਵਿਸ਼ੇਸ਼ ਰੂਪ ਧਾਰਣ ਕਰਦੇ ਹਨ। ਅੱਗੇ ਜਾ ਕੇ ਉਨ੍ਹਾਂ ਇਹ ਵੀ ਲਿਖਿਆ ਕਿ ਤਬਦੀਲੀਆਂ ਇਕ ਤਰ੍ਹਾਂ ਦੇ ਸੰਬੰਧਾਂ ਤੋਂ ਦੂਜੀ ਵਲ ਪਿੱਛੇ ਜਾਂ ਉਪਰ ਥੱਲੇ ਹੁੰਦੀਆਂ ਹਨ ਅਤੇ ਮੇਲ ਜਾਂ ਅਣਮੇਲ, ਏਕੀਕਰਣ ਜਾਂ ਵਿਘਟਨ ਵੱਲ ਪ੍ਰੇਰਿਤ ਕਰਦੀਆਂ ਹਨ।

**ਗਿਲਿਨ ਅਤੇ ਗਿਲਿਨ ਅਨੁਸਾਰ,** ''ਸਮਾਜਿਕ ਪ੍ਰਕ੍ਰਿਆ ਤੋਂ ਭਾਵ ਅੰਤਰ-ਕ੍ਰਿਆ ਕਰਨ ਦੇ ਉਨ੍ਹਾਂ ਢੰਗਾਂ ਤੋਂ ਹੈ'' ਜਿਨ੍ਹਾਂ ਵਿਚ ਜਦੋਂ ਵਿਅਕਤੀ ਅਤੇ ਸਮੂੰਹ ਮਿਲਦੇ ਅਤੇ ਸੰਬੰਧਾਂ ਦੀ ਵਿਵਸਥਾ ਸਥਾਪਿਤ ਕਰਦੇ ਹਨ ਜਾਂ ਜਿਹੜੇ ਉਦੋਂ ਵਾਪਰਦੇ ਹਨ ਜਦੋਂ ਪਰਿਵਰਤਨ ਸਥਾਪਿਤ ਜੀਵਨ ਢੰਗਾਂ ਵਿਚ ਵਿਘਨ ਪਾਉਂਦੇ ਹਨ। ਤਾਂ ਕੀ ਹੁੰਦਾ ਹੈ? ਵੇਖ ਸਕਦੇ ਹਾਂ।

**ਬੀਸੰਜ ਲਿਖਦੇ ਹਨ** ਕਿ ਸਮਾਜਕ ਅੰਤਰ ਕ੍ਰਿਆ ਦੇ ਵਿਭਿੰਨ ਸਰੂਪਾਂ ਨੂੰ ਸਮਾਜਕ ਪ੍ਰਕ੍ਰਿਆ ਕਿਹਾ ਜਾਂਦਾ ਹੈ।

**ਪਾਰਕ ਅਤੇ ਬਰਜਸ ਅਨੁਸਾਰ,** ''ਸਮਾਜਕ ਪ੍ਰਕ੍ਰਿਆ ਤੋਂ ਮਤਲਬ ਉਨ੍ਹਾਂ ਸਭ ਪਰਿਵਰਤਨਾਂ ਤੋਂ ਹੈ ਜੋ ਸਮੂੰਹ ਦੇ ਜੀਵਨ ਵਿਚ ਪਰਿਵਰਤਨ ਮੰਨੇ ਜਾਂਦੇ ਹਨ। ਇਸ ਤਰ੍ਹਾਂ ਸਮਾਜਕ-ਅੰਤਰ-ਕ੍ਰਿਆ ਦੇ ਸਾਮਾਨਯ ਅਤੇ ਨਿਰੰਤਰ ਹੋਣ ਵਾਲੇ ਰੂਪਾਂ ਨੂੰ ਸਮਾਜਕ ਪ੍ਰਕ੍ਰਿਆ ਦੇ ਨਾਂ ਨਾਲ ਸਦਿਆ ਜਾਂਦਾ ਹੈ। ਇਨ੍ਹਾਂ ਦਾ ਨਿਰਮਾਣ ਵਿਅਕਤੀਆਂ ਅਤੇ ਸਮਾਜਕ ਸਮੂੰਹਾਂ ਦੀਆਂ ਪਰਸਪਰ ਅੰਤਰ-ਕ੍ਰਿਆਵਾਂ ਦੇ ਫਲਸਰੂਪ ਹੁੰਦਾ ਹੈ।''

ਇਨ੍ਹਾਂ ਸਮਾਜ ਵਿਗਿਆਨੀਆਂ ਤੋਂ ਇਲਾਵਾ **ਰੈਟਜ਼ਨਹੋਫਰ, ਕੋਨੀਜ਼, ਵੀਰਕੈਂਤ, ਵੋਨ ਵਾਈਜ, ਹੇਰ, ਪਾਰਕ** ਅਤੇ **ਰੋਸ** ਆਦਿ ਹਨ ਜਿਨ੍ਹਾਂ ਨੇ ਇਸ ਵਿਸ਼ੇ ਬਾਰੇ ਕੰਮ ਕੀਤਾ ਹੈ।

ਉਪਰੋਕਤ ਪਰਿਭਾਸ਼ਾਵਾਂ ਤੋਂ ਸਪਸ਼ਟ ਹੈ ਕਿ ਸਮਾਜਕ ਪ੍ਰਕ੍ਰਿਆਵਾਂ ਆਪਸ ਵਿਚ ਅੰਤਰ ਸੰਬੰਧਤ ਹਨ, ਇਕ ਨੂੰ ਦੂਜੀ ਤੋਂ ਨਿਖੇੜ ਕੇ ਨਹੀਂ ਸਮਝਿਆ ਜਾ ਸਕਦਾ। ਅੰਤਰ ਕਾਰਜ ਉਹ ਕਾਰਜ ਹੈ ਜੋ ਦੂਜੇ ਦੇ ਕਾਰਜ ਦੇ ਜਵਾਬ ਵਿਚ ਕੀਤਾ ਜਾਂਦਾ ਹੈ ਜਦੋਂ ਇਹ ਅੰਤਰਕਾਰਜ ਬਾਰ ਬਾਰ ਹੁੰਦਾ ਹੈ ਤਾਂ ਇਹ ਸਮਾਜਿਕ ਪ੍ਰਕ੍ਰਿਆ ਕਹਿਲਾਉਂਦਾ ਹੈ। ਉਪਰੋਕਤ ਪਰਿਭਾਸ਼ਾਵਾਂ ਸਮਾਜਿਕ ਪ੍ਰਕ੍ਰਿਆ ਦੇ ਹੇਠ ਲਿਖੇ ਜ਼ਰੂਰੀ ਤੱਤ ਜ਼ਾਹਿਰ ਕਰਦੀਆਂ ਹਨ।

### 1.3 ਸਮਾਜਿਕ ਪ੍ਰਕ੍ਰਿਆ ਦੇ ਜ਼ਰੂਰੀ ਤੱਤ :

ਸਮਾਜਿਕ ਪ੍ਰਕ੍ਰਿਆ ਦੇ ਕੁਝ ਜ਼ਰੂਰੀ ਤੱਤ ਜਾਂ ਵਿਸ਼ੇਸ਼ਤਾਈਆਂ ਹੇਠ ਲਿਖੇ ਅਨੁਸਾਰ ਹਨ :

**(i)** **ਘਟਨਾਵਾਂ ਦਾ ਕ੍ਰਮ** : ਸਮਾਜਿਕ ਪ੍ਰਕ੍ਰਿਆ ਦੇ ਅੰਤਰਗਤ ਘਟਨਾਵਾਂ ਇਕ ਖਾਸ ਕ੍ਰਮ ਵਿਚ ਵਾਪਰਦੀਆਂ ਹਨ।

**(ii)** **ਘਟਨਾਵਾਂ ਦਾ ਦੁਹਰਾਓ** : ਕੋਈ ਵੀ ਘਟਨਾ ਜੇਕਰ ਇਕ ਵਾਰ ਵਾਪਰਦੀ ਹੈ ਤਾਂ ਉਹ ਪ੍ਰਕ੍ਰਿਆ ਨਹੀਂ ਕਹਿਲਾਉਂਦੀ ਬਲਕਿ ਘਟਨਾਵਾਂ ਦਾ ਵਾਰ-ਵਾਰ ਵਾਪਰਨਾ ਜ਼ਰੂਰੀ ਹੈ।

**(iii)** **ਘਟਨਾਵਾਂ ਦਾ ਸੰਬੰਧ** : ਸਮਾਜਿਕ ਪ੍ਰਕ੍ਰਿਆ ਦੇ ਅੰਤਰਗਤ ਵਾਪਰਨ ਵਾਲੀਆਂ ਘਟਨਾਵਾਂ ਦਾ ਸਰੂਪ ਤੇ ਖੇਤਰ ਵੱਖ-ਵੱਖ ਹੋ ਸਕਦਾ ਹੈ। ਪ੍ਰੰਤੂ ਇਹਨਾਂ ਸਾਰੀਆਂ ਘਟਨਾਵਾਂ ਵਿਚ ਸੰਬੰਧ ਦਾ ਹੋਣਾ ਲਾਜ਼ਮੀ ਹੈ। ਜੇਕਰ ਘਟਨਾਵਾਂ ਵਿਚ ਆਪਸੀ ਸੰਬੰਧ ਨਹੀਂ ਤਾਂ ਇਹ ਪ੍ਰਕ੍ਰਿਆ ਨਹੀਂ ਕਹਾ ਸਕਦੀਆਂ।

**(iv)** **ਘਟਨਾਵਾਂ ਵਿਚ ਨਿਰੰਤਰਤਾ** : ਸਮਾਜਿਕ ਪ੍ਰਕ੍ਰਿਆ ਦੇ ਲਈ ਘਟਨਾਵਾਂ ਦਾ ਦੁਹਰਾਓ ਹੀ ਕਾਫ਼ੀ ਨਹੀਂ ਹੁੰਦਾ ਬਲਕਿ ਇਹਨਾਂ ਦਾ ਨਿਰੰਤਰ ਬਣੇ ਰਹਿਣਾ ਵੀ ਲਾਜ਼ਮੀ ਹੈ।

**(v)** **ਸਮਾਜਕ ਨਤੀਜੇ** : ਸਮਾਜਿਕ ਪ੍ਰਕ੍ਰਿਆ ਦੇ ਅੰਤਰਗਤ ਵਾਪਰਨ ਵਾਲੀਆਂ ਘਟਨਾਵਾਂ ਦੇ ਕੁਝ ਨਿਸ਼ਚਿਤ ਨਤੀਜੇ ਜ਼ਰੂਰ ਨਿਕਲਦੇ ਹਨ।

ਸਮਾਜ ਵਿਚ ਇਕ ਘਟਨਾ ਘੱਟ ਕੇ ਰੁੱਕ ਨਹੀਂ ਜਾਂਦੀ। ਸਗੋਂ ਕ੍ਰਮ ਅਨੁਸਾਰ ਇਕ ਤੋਂ ਬਾਅਦ ਦੂਜੀ ਘਟਨਾ ਘਟਦੀ ਰਹਿੰਦੀ ਹੈ। ਵਾਰ ਵਾਰ ਘਟਨਾਵਾਂ ਦਾ ਦੁਹਰਾਓ ਹੁੰਦਾ ਰਹਿੰਦਾ ਹੈ। ਇਕੋ ਜਿਹੀ ਘਟਨਾ ਵੱਖ-ਵੱਖ ਸਮੂੰਹਾਂ ਵਿਚ ਘੱਟ ਸਕਦੀ ਹੈ। ਸਮੂੰਹ ਜਾਂ ਸਮਾਜ ਵਿਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਇਕ ਦੂਜੀ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਵੱਖ-ਵੱਖ ਘਟਨਾਵਾਂ ਅੰਤਰ-ਸੰਬੰਧਿਤ ਹੁੰਦੀਆਂ ਹਨ, ਇਕ ਘਟਨਾ ਦੂਜੀ ਵਿਚੋਂ ਨਿਕਲਦੀ ਹੈ। ਇਸ ਤਰ੍ਹਾਂ ਘਟਨਾਵਾਂ ਦਾ ਨਿਰੰਤਰ ਸਿਲਸਿਲਾ ਚਲਦਾ ਰਹਿੰਦਾ ਹੈ।

ਉਪਰ ਕੀਤੇ ਵਿਸ਼ਲੇਸ਼ਣ ਤੋਂ ਸਾਫ਼ ਹੈ ਕਿ ਸਮਾਜਕ ਅੰਤਰਕ੍ਰਿਆ ਅਤੇ ਸਮਾਜਕ ਪ੍ਰਕ੍ਰਿਆਵਾਂ ਆਪਸ ਵਿਚ ਅੰਤਰ ਸੰਬੰਧਤ ਹਨ। ਇਕ ਨੂੰ ਦੂਜੀ ਨਾਲੋਂ ਅਲਗ ਕਰਕੇ ਨਹੀਂ ਵੇਖਿਆ ਜਾ ਸਕਦਾ। ਅੰਤਰਕਾਰਜ ਜਾਂ ਅੰਤਰ ਕ੍ਰਿਆ ਉਹ ਹੈ ਜੋ ਦੂਜੇ ਆਦਮੀ ਜਾਂ ਆਦਮੀਆਂ ਦੇ ਕਾਰਜ ਦੇ ਜਵਾਬ ਵਿਚ ਕੀਤਾ ਜਾਂਦਾ ਹੈ। ਜਦੋਂ ਅੰਤਰ-ਕਾਰਜ ਦਾ ਦੁਹਰਾਓ ਬਾਰ ਬਾਰ ਹੁੰਦਾ ਹੈ ਤਾਂ ਇਹ ਸਮਾਜਕ ਪ੍ਰਕ੍ਰਿਆ ਹੀ ਕਹਿਲਾਉਂਦਾ ਹੈ। ਸਮਾਜਿਕ ਪ੍ਰਕ੍ਰਿਆਵਾਂ ਦੀ ਵੰਡ ਅਗੋਂ ਦੋ ਭਾਗਾਂ ਵਿਚ ਹੁੰਦੀ ਹੈ।

## 1.4 ਸਮਾਜਿਕ ਪ੍ਰਕ੍ਰਿਆ ਦੀਆਂ ਕਿਸਮਾਂ :

ਸਮਾਜਿਕ ਪ੍ਰਕ੍ਰਿਆਵਾਂ ਦੀਆਂ ਕਿਸਮਾਂ ਬਾਰੇ ਵੱਖ-ਵੱਖ ਵਿਚਾਰਵਾਨਾਂ ਦੇ ਵੱਖ-ਵੱਖ ਵਿਚਾਰ ਹਨ। **ਵੋਨ ਵਾਈਜ਼** ਅਤੇ **ਐਚ. ਬੁਕਰ** ਸਮਾਜਕ ਪ੍ਰਕ੍ਰਿਆਵਾਂ ਦੀਆਂ 65 ਕਿਸਮਾਂ ਮੰਨਦੇ ਹਨ। **ਗਿਲਿਨ** ਅਤੇ **ਗਿਲਿਨ** ਅਨੁਸਾਰ ਸਮਾਜਕ ਪ੍ਰਕ੍ਰਿਆਵਾਂ ਦੇ 3 ਵਰਗ ਹਨ। **ਪਾਰਕ** ਅਤੇ **ਬਰਗਸ** ਅਨੁਸਾਰ ਹਰ ਸਮਾਜ ਵਿਚ 4 ਤਰ੍ਹਾਂ ਦੀਆਂ ਮੁੱਢਲੀਆਂ ਸਮਾਜਕ ਪ੍ਰਕ੍ਰਿਆਵਾਂ ਹੁੰਦੀਆਂ ਹਨ। **ਰੋਸ** ਅਨੁਸਾਰ ਇਹ 38 ਕਿਸਮ ਦੀਆਂ ਹਨ। ਪ੍ਰੰਤੂ ਮੁੱਖ ਤੌਰ ਤੇ ਇਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ।

**(i) ਪ੍ਰਿਥਕ ਜਾਂ ਅਸੰਗਠਿਤ ਕਰਨ ਵਾਲੀਆਂ ਪ੍ਰਕ੍ਰਿਆਵਾਂ** : ਜੋ ਮਨੁੱਖ, ਗਰੁੱਪਾਂ ਜਾਂ ਸਮਾਜਾਂ ਨੂੰ ਇਕ ਦੂਸਰੇ ਤੋਂ ਅਲੱਗ ਕਰਦੀਆਂ ਹਨ ਜਿਵੇਂ ਪ੍ਰਤਿਯੋਗਤਾ, ਵਿਰੋਧ, ਸੰਘਰਸ਼ ਸਤਰੀਕਰਣ ਆਦਿ।

**(ii) ਏਕੀਕਰਣ ਜਾਂ ਸੰਗਠਿਤ ਕਰਨ ਵਾਲੀਆਂ ਪ੍ਰਕ੍ਰਿਆਵਾਂ** : ਜੋ ਸਮਾਜ ਵਿਚ ਏਕੀਕਰਣ ਕਰਦੀਆਂ ਹਨ ਜਿਵੇਂ ਸਹਿਯੋਗ, ਸਮਾਯੋਜਨ ਅਤੇ ਸਮੀਕਰਣ।

ਇਹਨਾਂ ਪ੍ਰਕ੍ਰਿਆਵਾਂ ਨੂੰ ਹੇਠ ਦਿੱਤੇ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ।

**ਸਮਾਜਿਕ ਪ੍ਰਕ੍ਰਿਆਵਾਂ**
**(Social Processes)**

- ਏਕੀਕਰਨ ਜਾਂ ਸੰਗਠਿਤ ਕਰਨ ਵਾਲੀਆਂ ਪ੍ਰਕ੍ਰਿਆਵਾਂ Integrative or Associative Social Processes
  - ਸਹਿਯੋਗ (Co-operation)
  - ਸਮਾਯੋਜਨ (Accomodation)
  - ਸਮੀਕਰਣ (Assimilation)
- ਵਿਘਟਨ, ਪ੍ਰਿਥਕ, ਅਲੱਗ ਜਾਂ ਅਸੰਗਠਿਤ ਕਰਨ ਵਾਲੀਆਂ ਪ੍ਰਕ੍ਰਿਆਵਾਂ Disintegrative or Disassociative Social Processes
  - ਪ੍ਰਤੀਯੋਗਤਾ ਜਾਂ ਮੁਕਾਬਲਾ (Competition)
  - ਸੰਘਰਸ਼ (Conflict)

## 1.5 ਏਕੀਕਰਨ ਕਰਨ ਵਾਲੀਆਂ ਪ੍ਰਕ੍ਰਿਆਵਾਂ ਦਾ ਅਰਥ :

ਆਦਿ-ਸਮਾਜ ਜਾਂ ਸਰਲ ਸਮਾਜਾਂ ਵਿੱਚ ਵੀ ਮਨੁੱਖ ਕਿਸੇ ਨਾ ਕਿਸੇ ਰੂਪ ਵਿਚ ਦੂਜੇ ਉਪਰ ਨਿਰਭਰ ਸੀ। ਉਹ ਕੁਦਰਤੀ ਆਫ਼ਤਾਂ ਦਾ ਮੁਕਾਬਲਾ ਇਕੱਲਾ ਨਹੀਂ ਸੀ ਕਰ ਸਕਦਾ। ਉਸ ਨੂੰ ਦੂਸਰੇ ਵਿਅਕਤੀਆਂ ਦੀ ਜ਼ਰੂਰਤ ਹੁੰਦੀ ਸੀ। ਉਹ ਪੇਟ ਭਰਨ ਲਈ ਜੰਗਲ ਵਿਚ ਸ਼ਿਕਾਰ ਵੀ ਆਪਣੇ ਸਮੂਹ ਦੇ ਸਾਥੀਆਂ ਨਾਲ ਕਰਦਾ ਸੀ ਅਤੇ ਖੇਡਦਾ ਸੀ। ਜੰਗਲੀ ਜਾਨਵਰਾਂ ਦਾ ਟਾਕਰਾ ਵੀ ਉਹ ਸਾਥੀਆਂ ਦੀ ਮਦਦ ਨਾਲ ਕਰਦਾ ਸੀ। ਜਦੋਂ ਸਰਲ ਸਮਾਜਾਂ, ਵਿਚ ਇਹ ਹਾਲਤ ਸੀ ਤਾਂ ਅੱਜ ਕੱਲ ਦੇ ਆਧੁਨਿਕ, ਗੁੰਝਲਦਾਰ ਅਤੇ ਕਿਰਤ-ਵੰਡ ਵਾਲੇ ਸਮਾਜਾਂ ਵਿਚ ਤਾਂ ਸਹਿਯੋਗ ਤੋਂ ਬਿਨਾਂ ਇਕ ਕਦਮ ਵੀ ਨਹੀਂ ਪੁਟਿਆ ਜਾ ਸਕਦਾ। ਬੱਚਾ ਜਨਮ ਤੋਂ ਹੀ ਹੋਰ ਲੋੜਾਂ ਲਈ ਦੂਸਰਿਆਂ ਤੇ ਨਿਰਭਰ ਹੋ ਜਾਂਦਾ ਹੈ। ਪਹਿਲਾਂ ਖੁਰਾਕ ਲਈ ਆਪਣੇ ਮਾਂ-ਬਾਪ ਤੇ ਨਿਰਭਰ ਕਰਦਾ ਹੈ। ਸਮਾਜੀਕਰਨ ਲਈ ਉਹ ਜਨਮ ਤੋਂ ਮੌਤ ਤੱਕ ਵੱਖ-ਵੱਖ ਏਜੰਸੀਆਂ ਤੇ ਨਿਰਭਰ ਕਰਦਾ ਹੈ। ਉਦਾਹਰਣ ਦੇ ਤੌਰ ਤੇ ਸਮਾਜ, ਅਨਾਜ ਦੀਆਂ ਲੋੜਾਂ ਲਈ ਕਿਸਾਨ ਵਰਗ ਤੇ ਨਿਰਭਰ ਹੈ। ਕਿਸਾਨ

ਹੋਰ ਲੋੜਾਂ ਲਈ ਫੈਕਟਰੀਆਂ, ਦੁਕਾਨਦਾਰਾਂ ਤੇ ਹੋਰ ਲੋਕਾਂ ਤੇ ਨਿਰਭਰ ਹੈ। ਪਰਿਵਾਰ ਵਿਚ ਹਰ ਮੈਂਬਰ ਇਕ ਦੂਜੇ ਉਪਰ ਨਿਰਭਰ ਹੈ। ਇਥੋਂ ਤੱਕ ਕਿ ਵਰਗ ਸੰਘਰਸ਼ ਲਈ ਵੀ ਸਹਿਯੋਗ ਦੀ ਜ਼ਰੂਰਤ ਹੁੰਦੀ ਹੈ। ਵਰਗ ਸੰਘਰਸ਼ ਵਿਚ ਪਹਿਲਾਂ ਦੋਵੇਂ ਵਰਗ ਇਕ ਦੂਜੇ ਨੂੰ ਦੁਸ਼ਮਣ ਗਰਦਾਨਦੇ ਹਨ। ਫਿਰ ਆਪਸੀ ਸਹਿਯੋਗ ਨਾਲ ਇਕ ਦੂਜੇ ਦੇ ਖਿਲਾਫ਼ ਸੰਘਰਸ਼ ਵਿਚ ਆਉਂਦੇ ਹਨ। **ਕਿੰਗਜ਼ਲੇ ਡੇਵਿਸ** ਆਪਣੀ ਕਿਤਾਬ ''ਮਨੁੱਖੀ ਸਮਾਜ'' ਵਿਚ ਲਿਖਦਾ ਹੈ ਕਿ ਆਮ ਤੌਰ ਤੇ ਸਹਿਯੋਗ ਨੂੰ ਮੁਕਾਬਲੇ ਦੇ ਵਿਰੁੱਧ ਸਮਝਿਆ ਜਾਂਦਾ ਹੈ ਜੋ ਠੀਕ ਨਹੀਂ। ਉਸ ਅਨੁਸਾਰ ਅਸਲ ਵਿਚ ਸਹਿਯੋਗ ਦਾ ਵਿਰੋਧੀ ਮੁਕਾਬਲਾ ਨਹੀਂ ਝਗੜਾ ਹੈ। ਪਰ ਮੁਕਾਬਲੇ ਦੀ ਅੰਤਰੀਵ ਵਰਤੋਂ ਕੀਤੇ ਬਿਨਾਂ ਵੀ ਸਹਿਯੋਗ ਰਖਿਆ ਜਾ ਸਕਦਾ ਹੈ ਤੇ ਹੋ ਸਕਦਾ ਹੈ। ਦੋ ਸ਼ਰੀਕਾਂ ਵਿਚ ਸਹਿਯੋਗ ਦੇ ਅੰਸ਼ ਨੂੰ ਅਖੋਂ ਉਹਲੇ ਕਰ ਦਿੱਤਾ ਜਾਵੇ, ਅਸਲ ਵਿਚ ਇਕ ਦੂਜੇ ਨੂੰ ਡੰਗਣ ਦੇ ਯਤਨ ਵਿਚ, ਦੋ ਸ਼ਰੀਕ ਇਹ ਵੇਖ ਸਕਦੇ ਹਨ ਕਿ ਉਹਨਾਂ ਦਾ ਆਪਣਾ ਸੰਗਠਨ ਅੰਦਰੂਨੀ ਸਹਿਯੋਗ ਰੱਖਦਾ ਹੈ। ਪਰ ਵਿਰੋਧੀ ਦੇ ਸੰਗਠਨ ਨਾਲ ਇਸ ਦਾ ਸਹਿਯੋਗ ਨਹੀਂ ਹੁੰਦਾ। ਇਸ ਤੋਂ ਸਾਫ਼ ਹੈ ਕਿ ਮੁਕਾਬਲਾ ਤੇ ਸਹਿਯੋਗ ਇਕ ਦੂਜੇ ਦੇ ਵਿਰੁੱਧ ਨਹੀਂ ਹਨ, ਸਗੋਂ ਜਦੋਂ ਦੋ ਸੰਗਠਨ ਮੁਕਾਬਲੇ ਵਿੱਚ ਆਉਂਦੇ ਹਨ ਤਾਂ ਹਰ ਇਕ ਸੰਗਠਨ ਦੇ ਆਪਣੇ ਮੈਂਬਰਾਂ ਦੇ ਹਿੱਤ ਸਾਂਝੇ ਹੁੰਦੇ ਹਨ ਤਾਂ ਹੀ ਉਹ ਇਕੱਠੇ ਮਿਲ ਕੇ ਆਪਸੀ ਸਹਿਯੋਗ ਨਾਲ ਆਪਣੇ ਤੋਂ ਵਿਰੋਧੀ ਸੰਗਠਨ ਨਾਲ ਮੁਕਾਬਲੇ ਵਿਚ ਆਉਂਦੇ ਹਨ।

### 1.5.1 ਸਹਿਯੋਗ ਦਾ ਅਰਥ :

ਸਹਿਯੋਗ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ Co-operation ਦਾ ਪੰਜਾਬੀ ਰੂਪਾਂਤਰ ਹੈ। ਇਹ ਸ਼ਬਦ ਲਾਤੀਨੀ ਭਾਸ਼ਾ ਦੇ ਦੋ ਸ਼ਬਦਾਂ ਨੂੰ ਮਿਲਾਕੇ ਬਣਿਆ ਹੈ ਉਹ ਹਨ Co ਅਤੇ Operori। Co ਤੋਂ ਭਾਵ ਹੈ ਇਕੱਠੇ ਅਤੇ Operori ਤੋਂ ਭਾਵ ਹੈ ਕੰਮ ਕਰਨਾ। ਇਸ ਲਈ ਇਸ ਸਮੁੱਚੇ ਸ਼ਬਦ ਦਾ ਅਰਥ ਹੈ ਮਿਲ ਕੇ ਜਾਂ ਇਕੱਠੇ ਹੋਕੇ ਕੰਮ ਕਰਨਾ। ਜਦ ਮਨੁੱਖ ਸਾਂਝੇ ਹਿੱਤਾਂ ਲਈ ਇਕੱਠੇ ਹੋਕੇ ਕੰਮ ਕਰਦੇ ਹਨ ਤਾਂ ਉਹ ਸਹਿਯੋਗ ਦੀ ਪ੍ਰਕ੍ਰਿਆ ਹੁੰਦੀ ਹੈ।

#### 1.5.1.1 ਸਹਿਯੋਗ ਦੀਆਂ ਪਰਿਭਾਸ਼ਾਵਾਂ :

**ਫੇਅਰਚਾਈਲਡ** ਅਨੁਸਾਰ, ''ਸਹਿਯੋਗ ਉਹ ਪ੍ਰਕ੍ਰਿਆ ਹੈ ਜਿਸ ਵਿਚ ਵਿਅਕਤੀ ਜਾਂ ਸਮੂੰਹ ਸਾਮਾਨਯ ਉਦੇਸ਼ ਦੀ ਪੂਰਤੀ ਲਈ ਘੱਟ ਜਾਂ ਵੱਧ ਵਿਵਸਥਿਤ ਰੂਪ ਵਿਚ ਆਪਣੇ ਯਤਨਾਂ ਨੂੰ ਇਕੱਠਾ ਕਰਦੇ ਹਨ।''

**ਐਲਡਰਿਜ ਅਤੇ ਮੈਰਿਲ** ਲਿਖਦੇ ਹਨ ਕਿ, ''ਸਹਿਯੋਗ ਅੰਤਰ-ਕ੍ਰਿਆ ਦਾ ਉਹ ਰੂਪ ਹੈ ਜਿਸ ਵਿਚ ਦੋ ਜਾਂ ਦੋ ਤੋਂ ਵਧੇਰੇ ਵਿਅਕਤੀ ਸਾਮਾਨਯ ਉਦੇਸ਼ ਦੀ ਪੂਰਤੀ ਲਈ ਇਕੱਠੇ ਮਿਲਕੇ ਕੰਮ ਕਰਦੇ ਹਨ।''

**ਗਰੀਨ** ਅਨੁਸਾਰ, ''ਸਹਿਯੋਗ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਰਾਹੀਂ ਕੋਈ ਕੰਮ ਜਾਂ ਆਮ ਰੂਪ ਨਾਲ ਪਾਏ ਹੋਏ ਕਿਸੇ ਉਦੇਸ਼ ਤੱਕ ਪਹੁੰਚਣ ਦੇ ਲਈ ਕੀਤਾ ਜਾਣ ਵਾਲਾ ਨਿਰੰਤਰ ਤੇ ਸਮੂਹਿਕ ਯਤਨ ਹੁੰਦਾ ਹੈ।''

**ਆਗਬਰਨ ਅਤੇ ਨਿਮਕੋਫ** ਅਨੁਸਾਰ, ''ਜਦੋਂ ਵਿਅਕਤੀ ਸਾਂਝੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਲਈ ਇਕੱਠੇ ਹੋ ਕੇ ਕੰਮ ਕਰਦੇ ਹਨ ਤਾਂ ਇਹਨਾਂ ਦੇ ਵਿਵਹਾਰ ਨੂੰ ਸਹਿਯੋਗ ਕਹਿੰਦੇ ਹਨ।''

**ਕੂਲੇ** ਅਨੁਸਾਰ, ''ਸਹਿਯੋਗ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਵਿਅਕਤੀ ਇਹ ਦੇਖਦੇ ਹਨ ਕਿ ਉਹਨਾਂ ਦੇ ਉਦੇਸ਼ ਸਾਂਝੇ ਹਨ ਅਤੇ ਇਕੋ ਸਮੇਂ ਨਾਲ ਸੰਬੰਧਿਤ ਹਨ। ਜ਼ਰੂਰਤ ਮੁਤਾਬਿਕ ਲਿਆਕਤ ਅਤੇ ਸਵੈ-ਨਿਯੰਤਰਣ ਦੇ ਦੁਆਰਾ ਅਸੀਂ ਮਿਲਕੇ ਇਸਨੂੰ ਪ੍ਰਾਪਤ ਜਾਂ ਪੂਰਾ ਕਰ ਸਕਦੇ ਹਾਂ। ਸਾਂਝੇ ਉਦੇਸ਼ਾਂ ਲਈ ਏਕਤਾ ਤੇ ਸੰਗਠਨ ਇਸਦੇ ਜ਼ਰੂਰੀ ਤੱਤ ਹਨ।''

#### 1.5.1.2 ਸਹਿਯੋਗ ਦੀਆਂ ਵਿਸ਼ੇਸ਼ਤਾਵਾਂ :

ਉਪਰੋਕਤ ਪਰਿਭਾਸ਼ਾਵਾਂ ਤੋਂ ਸਹਿਯੋਗ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ :

(ੳ) **ਨਿਰੰਤਰ ਪ੍ਰਕ੍ਰਿਆ** : ਸਹਿਯੋਗ ਇਕ ਨਿਰੰਤਰ ਪ੍ਰਕ੍ਰਿਆ ਹੈ। ਇਹ ਇਕ ਵਾਰ ਹੋਕੇ ਰੁਕ ਨਹੀਂ ਜਾਂਦੀ ਬਲਕਿ ਵਾਰ ਵਾਰ ਹੁੰਦੀ ਹੈ। ਅਸੀਂ ਇਕ ਦੂਜੇ ਨੂੰ ਵਾਰ ਵਾਰ ਸਹਿਯੋਗ ਦਿੰਦੇ ਹਾਂ।

(ਅ) **ਚੇਤੰਨ ਪ੍ਰਕ੍ਰਿਆ** : ਸਹਿਯੋਗ ਚੇਤੰਨ ਪ੍ਰਕ੍ਰਿਆ ਹੈ। ਅਸੀਂ ਦੂਸਰੇ ਵਿਅਕਤੀ ਨੂੰ ਸੁਚੇਤ ਹੋ ਕੇ ਸਹਿਯੋਗ ਦਿੰਦੇ ਹਾਂ ਅਤੇ ਉਸਦਾ ਚੇਤਨੰਤਾ ਨਾਲ ਸਹਿਯੋਗ ਲੈਂਦੇ ਹਾਂ।

(ੲ) **ਸਰਵ-ਵਿਆਪਕਤਾ** : ਇਹ ਸਰਵ-ਵਿਆਪਕ ਪ੍ਰਕ੍ਰਿਆ ਹੈ ਭਾਵ ਸਾਰੇ ਸਮਾਜਾਂ ਵਿਚ ਪਾਈ ਜਾਂਦੀ ਹੈ। ਹਰੇਕ ਸਮਾਜ ਸਹਿਯੋਗ ਦੀ ਪ੍ਰਕਿਆ ਤੇ ਆਧਾਰਿਤ ਹੈ। ਜੀਵਨ ਦੇ ਸਾਰੇ ਪਹਿਲੂਆਂ ਜਿਵੇਂ ਰਾਜਨੈਤਿਕ, ਆਰਥਿਕ, ਸਮਾਜਿਕ ਆਦਿ ਵਿਚ ਸਹਿਯੋਗ ਪਾਇਆ ਜਾਂਦਾ ਹੈ।

(ਸ) **ਸਾਂਝੇ ਮੰਤਵ ਜਾਂ ਉਦੇਸ਼** : ਜਦੋਂ ਵਿਅਕਤੀ ਰਲ ਕੇ ਸਾਂਝੇ ਉਦੇਸ਼ ਜਾਂ ਮੰਤਵਾਂ ਨੂੰ ਪੂਰਾ ਕਰਨ ਦਾ ਯਤਨ ਕਰਦੇ ਹਨ ਤਾਂ ਸਹਿਯੋਗ ਦੀ ਪ੍ਰਕ੍ਰਿਆ ਪੂਰੀ ਹੁੰਦੀ ਹੈ। ਸਾਂਝੇ ਉਦੇਸ਼ਾਂ ਦੀ ਪ੍ਰਾਪਤੀ ਲਈ ਸਹਿਯੋਗ ਇਕ ਸਾਧਨ ਹੈ।

(ਹ) **ਸਾਂਝੀ ਕੋਸ਼ਿਸ਼** : ਇਹ ਕਿਸੇ ਇਕ ਵਿਅਕਤੀ ਦੀ ਕੋਸ਼ਿਸ਼ ਦਾ ਨਤੀਜਾ ਨਹੀਂ ਹੁੰਦੀ ਬਲਕਿ ਕਿਸੇ ਵੀ ਉਦੇਸ਼ ਨੂੰ ਪੂਰਾ ਕਰਨ ਲਈ ਵਿਅਕਤੀ ਇਕੱਠੇ ਹੋਕੇ ਕੰਮ ਕਰਦੇ ਹਨ ਅਤੇ ਸਾਂਝੀ ਕੋਸ਼ਿਸ਼ ਨਾਲ ਹੀ ਉਸ ਮੰਤਵ ਨੂੰ ਪੂਰਾ ਕੀਤਾ ਜਾ ਸਕਦਾ ਹੈ।

### 1.5.1.3 ਸਹਿਯੋਗ ਦੀਆਂ ਕਿਸਮਾਂ :

ਅਲੱਗ ਅਲੱਗ ਵਿਦਵਾਨਾਂ ਨੇ ਸਹਿਯੋਗ ਦੀਆਂ ਅਲੱਗ ਅਲੱਗ ਕਿਸਮਾਂ ਦਾ ਜ਼ਿਕਰ ਕੀਤਾ ਤੇ ਉਨ੍ਹਾਂ ਦੀ ਵਿਆਖਿਆ ਕੀਤੀ ਹੈ।

1.5.1.3.1 **ਮੈਕਾਈਵਰ ਅਤੇ ਪੇਜ਼** ਨੇ ਸਹਿਯੋਗ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ, ਉਹ ਹਨ :

(ੳ) ਸਿੱਧਾ ਜਾਂ ਪ੍ਰਤੱਖ ਸਹਿਯੋਗ

(ਅ) ਅਸਿੱਧਾ ਜਾਂ ਅਪ੍ਰਤੱਖ ਸਹਿਯੋਗ

**(ੳ) ਸਿੱਧਾ ਜਾਂ ਪ੍ਰਤੱਖ ਸਹਿਯੋਗ :**

ਜਦੋਂ ਵਿਅਕਤੀ ਸਰੀਰਕ ਤੌਰ ਤੇ ਇਕ ਦੂਜੇ ਦੇ ਆਹਮੋ-ਸਾਹਮਣੇ ਹੋ ਕੇ ਮਦਦ ਕਰਦੇ ਹਨ ਤਾਂ ਇਸਨੂੰ ਸਿੱਧਾ ਜਾਂ ਪ੍ਰਤੱਖ ਸਹਿਯੋਗ ਕਿਹਾ ਜਾਂਦਾ ਹੈ। ਇਸ ਅੰਦਰ ਉਹ ਕਾਰਜ ਜਾਂ ਪ੍ਰਕ੍ਰਿਆ ਆਉਂਦੀ ਹੈ ਜਿਸ ਵਿਚ ਇਕੋ ਕੰਮ ਕਈ ਸਾਥੀ ਮਿਲਕੇ ਸਹਿਯੋਗ ਨਾਲ ਕੰਮ ਕਰਦੇ ਹਨ, ਭਾਵੇਂ ਕਿ ਉਹ ਕੰਮ ਇਕੱਲੇ ਵੀ ਕੀਤਾ ਜਾ ਸਕਦਾ ਹੈ। ਪਰ ਇਕੱਠੇ ਮਿਲਕੇ ਕਰਨ ਲਈ ਉਹਨਾਂ ਨੂੰ ਖਾਸ ਸੰਤੁਸ਼ਟੀ ਮਿਲਦੀ ਹੈ ਜਾਂ ਜੋਸ਼ ਮਿਲਦਾ ਹੈ। ਜਿਵੇਂ ਇਕੱਠੇ ਮਿਲਕੇ ਖੇਡ ਦੇ ਮੈਦਾਨ ਵਿਚ ਖੇਡਣਾ, ਇਕੱਠੇ ਮਿਲ ਕੇ ਪੂਜਾ ਦੀ ਜਗ੍ਹਾਂ ਤੇ ਜਾਣਾ, ਇਕੱਠੇ ਮਿਲ ਕੇ ਫ਼ਸਲ ਕੱਟਣ ਜਾਂ ਬੀਜਣਾ ਆਦਿ, ਇਹ ਸਹਿਯੋਗ ਦੀਆਂ ਉਦਾਹਰਣਾਂ ਹਨ।

**(ਅ) ਅਸਿੱਧਾ ਜਾਂ ਅਪ੍ਰਤੱਖ ਸਹਿਯੋਗ :**

ਇਸ ਕਿਸਮ ਦੇ ਸਹਿਯੋਗ ਵਿਚ ਕਈ ਆਦਮੀ ਮਿਲ ਕੇ ਇਕੋ ਜਗ੍ਹਾ ਅਲੱਗ ਅਲੱਗ ਕੰਮ ਕਰਦੇ ਹਨ ਜਿਨ੍ਹਾਂ ਦਾ ਉਦੇਸ਼ ਇਕੋ ਹੁੰਦਾ ਹੈ। ਜਿਵੇਂ ਫੈਕਟਰੀ ਵਿਚ ਚਪੜਾਸੀ ਵੀ ਕੰਮ ਕਰਦਾ ਹੈ, ਟਾਈਪਿਸਟ, ਕਲਰਕ, ਮੈਨੇਜਰ, ਇੰਜੀਨੀਅਰ ਆਦਿ ਅਲੱਗ ਅਲੱਗ ਕੰਮ ਕਰਦੇ ਹਨ। ਪਰ ਉਦੇਸ਼ ਸਭ ਦਾ ਸਾਂਝਾ ਹੈ ਕਿ ਫੈਕਟਰੀ ਵਿਚ ਵੱਧ ਤੋਂ ਵੱਧ ਮਿਆਰੀ ਉਤਪਾਦਨ ਕਰਨਾ। ਆਧੁਨਿਕ ਸਮਾਜ ਵਿਚ ਗੌਣ ਸੰਬੰਧਾਂ ਦੀ ਬਹੁਲਤਾ ਅਤੇ ਵਿਸ਼ੇਸ਼ੀਕਰਣ ਦੇ ਵੱਧਣ ਨਾਲ ਅਪ੍ਰਤੱਖ ਸਹਿਯੋਗ ਦਾ ਮਹੱਤਵ ਵੱਧ ਰਿਹਾ ਹੈ।

1.5.1.3.2 **ਪ੍ਰੋ. ਗ੍ਰੀਨ** ਨੇ ਸਹਿਯੋਗ ਦੀਆਂ ਤਿੰਨ ਮੁੱਖ ਕਿਸਮਾਂ ਦਾ ਵਰਣਨ ਕੀਤਾ ਹੈ, ਉਹ ਹਨ :

(ੳ) ਮੁੱਢਲਾ ਸਹਿਯੋਗ

(ਅ) ਗੌਣ ਸਹਿਯੋਗ ਜਾਂ ਦੂਜੇ ਦਰਜੇ ਦਾ ਸਹਿਯੋਗ

(ੲ) ਤੀਜੇ ਦਰਜੇ ਦਾ ਸਹਿਯੋਗ

**(ੳ) ਪ੍ਰਾਥਮਿਕ ਸਹਿਯੋਗ :**

ਅਜਿਹਾ ਸਹਿਯੋਗ ਪ੍ਰਾਥਮਿਕ ਸਮੂੰਹਾਂ ਜਿਵੇਂ ਪਰਿਵਾਰ, ਗੁਆਂਢ, ਦੋਸਤਾਂ ਅਤੇ ਹੋਰ ਪ੍ਰਾਥਮਿਕ ਸਮੂੰਹਾਂ ਵਿਚ ਪਾਇਆ ਜਾਂਦਾ ਹੈ। ਇਹ ਅਜਿਹੀ ਕਿਸਮ ਦਾ ਸਹਿਯੋਗ ਹੈ ਜਿਸ ਵਿਚ ਵਿਅਕਤੀ ਦੇ ਹਿੱਤ ਸਮੂੰਹ ਦੇ ਹਿੱਤਾਂ ਨਾਲ ਜੁੜੇ ਹੁੰਦੇ ਹਨ। ਉਹ ਸਮੂੰਹ ਦੀ ਭਲਾਈ ਵਿਚ ਹੀ ਆਪਣੀ ਭਲਾਈ ਸਮਝਦਾ ਹੈ ਕਿਉਂਕਿ ਉਸ ਦੇ ਉਦੇਸ਼ ਅਤੇ ਉਦੇਸ਼ ਨੂੰ ਪ੍ਰਾਪਤ ਕਰਨ ਵਾਲੇ ਸਾਧਨ ਇਕੋ ਜਿਹੇ ਹੁੰਦੇ ਹਨ।

**(ਅ) ਦੂਜੇ ਦਰਜੇ ਦਾ ਸਹਿਯੋਗ :**

ਇਹ ਉਸ ਕਿਸਮ ਦਾ ਸਹਿਯੋਗ ਹੈ ਜਿਸ ਵਿਚ ਵਿਅਕਤੀ ਸਮੂੰਹ ਨੂੰ ਸਹਿਯੋਗ ਤਾਂ ਦਿੰਦਾ ਹੈ ਪਰੰਤੂ ਮੁਕੰਮਲ ਰੂਪ ਵਿਚ ਸੰਸਥਾ ਜਾਂ ਸਮੂੰਹ ਦਾ ਕਲਿਆਣ ਉਸ ਦਾ ਕੰਮ ਨਹੀਂ ਹੁੰਦਾ। ਉਹ ਸਮੂੰਹ ਨੂੰ ਸਹਿਯੋਗ ਇਸ ਕਰਕੇ ਦਿੰਦਾ ਹੈ ਕਿਉਂਕਿ ਉਸ ਵਿਚ ਉਸ ਦਾ ਆਪਣਾ ਫ਼ਾਇਦਾ ਛੁਪਿਆ ਹੁੰਦਾ ਹੈ। ਇਹ ਸਹਿਯੋਗ ਦੂਜੀਆਂ ਕਿਸਮਾਂ ਦੇ ਸਮੂੰਹਾਂ ਵਿਚ ਵੀ ਮਿਲਦਾ ਹੈ ਜਿਵੇਂ ਸਰਕਾਰ ਉਦਯੋਗ, ਚਰਚ, ਯੂਨੀਅਨ ਆਦਿ।

**(ੲ) ਤੀਜੇ ਦਰਜੇ ਦਾ ਸਹਿਯੋਗ :**

ਇਸ ਕਿਸਮ ਦਾ ਸਹਿਯੋਗ ਸੰਜੀਦਾ ਜਾਂ ਗੰਭੀਰ ਰੂਪ ਦਾ ਨਹੀਂ ਹੁੰਦਾ। ਇਸ ਕਿਸਮ ਦੇ ਸਹਿਯੋਗ ਵਿਚ ਤਾਂ ਮੌਕਾ-ਪ੍ਰਸਤੀ ਹੁੰਦੀ ਹੈ। ਜਦੋਂ ਇਕ ਸਮੂੰਹ ਜਾਂ ਪਾਰਟੀ ਸਮਝਦੀ ਹੈ ਕਿ ਦੂਸਰਾ ਸਮੂੰਹ ਜਾਂ ਪਾਰਟੀ ਉਸ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਤਾਂ ਉਹ ਉਸ ਨਾਲ ਕੋਈ ਨਾ ਕੋਈ ਸਮਝੌਤਾ ਕਰ ਲੈਂਦਾ ਹੈ। ਜਿਵੇ ਂ ਇਸਰਾਈਲ ਸਰਕਾਰ ਨੇ ਫਲਸਤੀਨੀਆ ਨਾਲ ਸਮਝੌਤਾ ਕਰ ਗਾਜਾ ਸਟਰਿਪ ਵਾਲਾ ਖੇਤਰ ਉਹਨਾਂ ਦੇ ਹਵਾਲੇ ਕਰ ਦਿੱਤਾ। ਇਸੇ ਤਰ੍ਹਾਂ ਇਰਾਕ ਨੇ ਅਰਬ-ਲੜਾਈ ਤੋਂ ਬਾਅਦ ਯੂ.ਐਨ.ਓ. ਦੀਆਂ ਸ਼ਰਤਾਂ ਮੰਨ ਕੇ ਕੁਵੈਤ ਦੀ ਪ੍ਰਭੁਸੱਤਾ ਨੂੰ ਕਬੂਲ ਲਿਆ। ਇਸੇ ਤਰ੍ਹਾਂ ਦੱਖਣੀ ਅਫਰੀਕਾ ਦੀ ਗੋਰੀ ਹਕੂਮਤ ਨੇ ਮੰਡੇਲਾ ਤੇ ਉਸ ਦੀ ਪਾਰਟੀ ਨਾਲ ਸਮਝੌਤਾ ਕਰ ਲਿਆ। ਇਸ ਕਿਸਮ ਦੇ ਸਹਿਯੋਗ ਵਿਚ ਇਹ ਵੀ ਹੁੰਦਾ ਹੈ ਕਿ ਕਈ ਪਾਰਟੀਆਂ, ਸਮੂੰਹ ਜਾਂ ਸਰਕਾਰਾਂ ਇਕ ਸਮਝੌਤੇ ਅਧੀਨ ਸਹਿਯੋਗ ਕਰਕੇ ਆਪਣੇ ਵਿਰੋਧੀ ਵਿਰੁੱਧ ਸੰਘਰਸ਼ ਕਰਨ। ਜਿਵੇਂ ਅਰਬ ਲੜਾਈ ਵਿਚ ਅਮਰੀਕਾ, ਫਰਾਂਸ, ਕੁਵੈਤ, ਸਾਊਦੀ ਅਰਬ, ਇੰਗਲੈਂਡ ਤੇ ਹੋਰ ਮੁਲਕਾਂ ਨੇ ਮਿਲ ਕੇ ਇਰਾਕ ਦੇ ਖਿਲਾਫ਼ ਲੜਾਈ ਲੜੀ। ਜਾਂ ਜਿਵੇਂ ਪੰਜਾਬ ਵਿਚ ਅਕਾਲੀ ਪਾਰਟੀ ਹੋਰ ਖੇ ਤਰੀ ਪਾਰਟੀਆਂ ਨਾਲ ਮਿਲ ਕੇ ਕਾਂਗਰਸ ਦੇ ਖਿਲਾਫ਼ ਚੋਣ ਸਮਝੌਤੇ ਕਰਦੀ ਹੈ। ਇਸ ਕਿਸਮ ਦਾ ਸਹਿਯੋਗ ਸਥਾਈ ਸ਼ਾਂਤੀ ਜਾਂ ਸਥਾਈ ਸਹਿਯੋਗ ਨਹੀਂ ਹੁੰਦਾ ਸਗੋਂ ਸਮੇਂ ਦੇ ਸਮੇਂ ਜਾਂ ਮੌਕੇ ਦੇ ਮੌਕੇ ਹੀ ਹੁੰਦਾ ਹੈ।

1.5.1.3.3 **ਆਗਬਰਨ ਅਤੇ ਨਿਮਕੌਫ** ਨੇ ਵੀ ਸਹਿਯੋਗ ਦਾ ਵਰਗੀਕਰਣ ਤਿੰਨ ਕਿਸਮਾਂ ਵਿਚ ਕੀਤਾ ਹੈ, ਇਹ ਹਨ :

(ੳ) ਸਧਾਰਨ ਸਹਿਯੋਗ
(ਅ) ਸਾਥੀ-ਕਿਰਤ ਜਾਂ ਦੋਸਤਾਨਾ ਸਹਿਯੋਗ
(ੲ) ਸਹਾਇਕ ਜਾਂ ਮਦਦਗਾਰੀ ਸਹਿਯੋਗ

**(ੳ) ਸਧਾਰਨ ਸਹਿਯੋਗ :**

ਜਦੋਂ ਕੁਝ ਵਿਅਕਤੀ ਮਿਲਕੇ ਇਕੋ ਜਿਹਾ ਕਾਰਜ ਕਰਦੇ ਹਨ ਤਾਂ ਉਸਨੂੰ ਸਾਧਾਰਨ ਸਹਿਯੋਗ ਕਹਿੰਦੇ ਹਨ। ਇਸ ਤਰ੍ਹਾਂ ਦੇ ਸਹਿਯੋਗ ਵਿਚ ਲੋਕਾਂ ਦੀ ਮਨੋਵ੍ਰਿਤੀ ਭਾਵ ਮਨ ਦੀਆਂ ਭਾਵਨਾਵਾਂ ਲਗਭਗ ਇਕੋ ਜਿਹੀਆਂ ਹੁੰਦੀਆਂ ਹਨ। ਉਦਾਹਰਣ ਦੇ ਤੌਰ ਤੇ ਕਿਸੇ ਖਰਾਬ ਗੱਡੀ ਨੂੰ ਜਦੋਂ ਕੁਝ ਵਿਅਕਤੀ ਮਿਲ ਕੇ ਧੱਕਾ ਲਗਾਉਂਦੇ ਹਨ ਤਾਂ ਇਸਨੂੰ ਸਾਧਾਰਨ ਸਹਿਯੋਗ ਕਿਹਾ ਜਾਂਦਾ ਹੈ।

**(ਅ) ਸਾਥੀ-ਕਿਰਤ ਜਾਂ ਦੋਸਤਾਨਾ ਸਹਿਯੋਗ :**

ਇਸ ਤਰ੍ਹਾਂ ਦਾ ਸਹਿਯੋਗ ਦੋ ਕਾਰਣਾਂ ਕਰਕੇ ਹੁੰਦਾ ਹੈ। ਪਹਿਲਾ ਕਾਰਣ ਕੇਵਲ ਅਨੰਦ ਪ੍ਰਾਪਤ ਕਰਨਾ ਹੁੰਦਾ ਹੈ ਜਿਵੇਂ ਕਿ ਕੁਝ ਵਿਅਕਤੀਆਂ ਦਾ ਇਕੱਠੇ ਹੋਕੇ ਨਚਣਾ, ਖੇਡਣਾ ਆਦਿ। ਦੂਸਰੀ ਕਿਸਮ ਦੇ ਸਹਿਯੋਗ ਵਿਚ ਹੋਰ ਲੋਕਾਂ ਦੀ ਇਸ ਲਈ ਜ਼ਰੂਰਤ ਪੈਂਦੀ ਹੈ ਕਿਉਂਕਿ ਤੁਸੀਂ ਉਸ ਕੰਮ ਨੂੰ ਇਕੱਲੇ ਨਹੀਂ ਕਰ ਸਕਦੇ ਜਿਵੇਂ ਚਿਕੜ ਚ ਫ਼ਸੀ ਕਾਰ ਨੂੰ ਇਕੱਲਾ ਆਦਮੀ ਨਹੀਂ ਕੱਢ ਸਕਦਾ।

**(ੲ) ਮਦਦਗਾਰੀ, ਸਹਾਇਕ ਵਿਭੇਦੀਕ੍ਰਿਤ ਸਹਿਯੋਗ :**

ਇਸ ਤਰ੍ਹਾਂ ਦਾ ਸਹਿਯੋਗ ਉਸ ਸਮੇਂ ਹੁੰਦਾ ਹੈ ਜਦੋਂ ਕੁਝ ਵਿਅਕਤੀਆਂ ਦਾ ਉਦੇਸ਼ ਤਾਂ ਇਕ ਹੁੰਦਾ ਹੈ ਪ੍ਰੰਤੂ ਉਸਦੇ ਲਈ ਉਹ ਕੰਮ ਜਾਂ ਕਿਰਤ ਵੱਖ-ਵੱਖ ਕਰਦੇ ਹਨ ਜਿਵੇਂ ਅਸੀਂ ਇਕ ਕਾਰ ਫੈਕਟਰੀ ਦੀ ਉਦਾਹਰਣ ਨੂੰ ਲਈਏ - ਉਥੇ ਕੰਮ ਕਰਦੇ ਸਾਰੇ ਵਿਅਕਤੀਆਂ ਦਾ ਉਦੇਸ਼ ਹੈ ਕਾਰ ਦਾ ਉਤਪਾਦਨ ਤੇ ਉਸ ਲਈ ਕੋਈ ਉਸਦੇ ਪੁਰਜ਼ੇ ਬਣਾਉਂਦਾ ਹੈ - ਕੋਈ ਬਾਡੀ - ਕੋਈ ਇਲੈਕਟਰੀਸ਼ੀਅਨ ਦਾ ਕੰਮ ਕਰਦਾ ਹੈ ਅਤੇ ਕੋਈ ਪੇਂਟਿੰਗ ਦਾ ਆਦਿ।

**ਆਪਣਾ ਗਿਆਨ ਪਰਖੋ :**

(ੳ) ਏਕੀਕਰਣ ਕਰਨ ਵਾਲੀ ਪ੍ਰਕ੍ਰਿਆ ਤੋਂ ਕੀ ਭਾਵ ਹੈ?

..........................................................................................................

..........................................................................................................

..........................................................................................................

(ਅ) ਸਹਿਯੋਗ ਦਾ ਕੀ ਅਰਥ ਹੈ?

..........................................................................................................

..........................................................................................................

..........................................................................................................

(ੲ) ਆਗਬਰਨ ਅਤੇ ਨਿਮਕੌਫ ਨੇ ਸਹਿਯੋਗ ਦੀਆਂ ਕਿਹੜੀਆਂ ਕਿਸਮਾਂ ਦੱਸੀਆਂ ਹਨ?

..........................................................................................................

..........................................................................................................

..........................................................................................................

### 1.5.2 ਸਮਾਯੋਜਨ ਦਾ ਅਰਥ (Meaning of Accomodation) :

ਅੰਗਰੇਜ਼ੀ ਦੇ ਸ਼ਬਦ accomodation ਦਾ ਸਮਾਨਾਰਥ ਸ਼ਬਦ ਹੈ ਜਿਸਦਾ ਸੱਭ ਤੋਂ ਪਹਿਲਾ ਇਸਤੇਮਾਲ ਮਨੋਵਿਗਿਆਨੀ **ਜੇਮਜ ਮਾਰਕ ਬਾਲਦਵਿਨ** ਨੇ ਕੀਤਾ ਸੀ। ਉਸਨੇ ਇਸ ਸ਼ਬਦ ਦਾ ਪ੍ਰਯੋਗ ਵਿਅਕਤੀ ਦੇ ਵਿਵਹਾਰ ਵਿਚ ਉਨ੍ਹਾਂ ਪਰਿਵਰਤਨਾਂ ਲਈ ਕੀਤਾ ਜੋ ਉਸ ਵਿਅਕਤੀ ਨੂੰ ਮੌਜੂਦਾ ਸਮਾਜਿਕ ਵਾਤਾਵਰਣ ਅਨੁਸਾਰ ਢਾਲਣ ਯੋਗ ਬਣਾਉਂਦੇ ਹਨ। ਸਮਾਯੋਜਨ ਇਕ ਸਮਾਜਿਕ ਪ੍ਰਕ੍ਰਿਆ ਹੈ ਜਿਸਦਾ ਭਾਵ ਵਿਅਕਤੀਆਂ ਦਾ ਆਪਣੇ ਆਪ ਨੂੰ ਵਰਤਮਾਨ ਹਾਲਤਾਂ ਅਨੁਸਾਰ ਢਾਲਣਾ ਹੁੰਦਾ ਹੈ। ਕਿਉਂਕਿ ਜਦੋਂ ਦਾ ਸਮਾਜ ਬਣਿਆ ਹੈ ਉਸ ਸਮੇਂ ਤੋਂ ਹੀ ਉਸ ਵਿਚ ਸੰਘਰਸ਼ ਚਲਦਾ ਆ ਰਿਹਾ ਹੈ। ਉਹ ਸੰਘਰਸ਼ ਭਾਵੇਂ ਜਮਾਤੀ ਹੋਵੇ ਜਾਂ ਜਾਤੀ, ਭਾਵੇਂ ਸਮੂੰਹਾਂ ਜਾਂ ਰਾਜਨੀਤਿਕ ਪਾਰਟੀਆਂ ਜਾਂ ਹੋਰ ਸੰਘਾਂ ਜਾਂ ਸੰਸਥਾਵਾਂ ਵਿਚ ਹੋਵੇ। ਸੰਘਰਸ਼ ਦੀ ਸਮਾਜ ਵਿਚ ਆਪਣੀ ਭੂਮਿਕਾ ਹੁੰਦੀ ਹੈ। ਜਿਸਦਾ ਜਿਕਰ ਅਸੀਂ ਪਿਛਲੇ ਪਾਠ ਵਿੱਚ ਕਰ ਆਏ ਹਾਂ, ਪਰ ਜੇ ਸਮਾਜ ਵਿਚ ਸਿਰਫ ਸੰਘਰਸ਼ ਹੀ ਰਹੇ ਤਾਂ ਸਮਾਜ ਟੁੱਟ ਜਾਵੇਗਾ, ਖੇਰੂ ਖੇਰੂ ਹੋ ਜਾਵੇਗਾ। ਇਸ ਲਈ ਸੰਘਰਸ਼ ਕਰ ਰਹੀਆਂ ਜਮਾਤਾਂ ਜਾਤਾਂ, ਸਮੂੰਹ, ਪਾਰਟੀਆਂ ਜਾਂ ਵਿਅਕਤੀਆਂ ਨੂੰ ਕਿਸੇ ਨਾ ਕਿਸੇ ਸਮਝੌਤੇ ਤੇ ਵੀ ਪਹੁੰਚਣਾ ਹੁੰਦਾ ਹੈ, ਭਾਵੇਂ ਉਹ ਸਮਝੌਤਾ ਚਿਰ ਸਥਾਈ ਹੋਵੇ ਜਾਂ ਨਾ ਹੋਵੇ, ਪਰ ਸੰਘਰਸ਼ ਦੀ ਭੈੜੀ ਸਥਿਤੀ ਨੂੰ ਟਾਲਣ ਲਈ ਉਹਨਾਂ ਨੂੰ ਕੁਝ ਨਾ ਕੁਝ ਕਰਨਾ ਪੈਂਦਾ ਹੈ। ਇਸੇ ਨੂੰ ਹੀ ਸਮਾਯੋਜਨ ਕਿਹਾ ਗਿਆ ਹੈ। ਭਾਰਤ ਤੇ ਪਾਕਿਸਤਾਨ ਇਕ ਦੂਜੇ ਦੇ ਖਿਲਾਫ਼ ਧੂੰਆਧਾਰ ਪ੍ਰਚਾਰ ਕਰ ਰਹੇ ਹਨ। ਦੋ ਲੜਾਈਆਂ ਵੀ ਲੜ ਚੁੱਕੇ ਹਨ ਪਰ ਤੀਜੀ ਲੜਾਈ ਨੂੰ ਟਾਲਣਾ ਵੀ ਚਾਹੁੰਦੇ ਹਨ ਕਿਉਂਕਿ ਦੋਹਾਂ ਨੂੰ ਪਤਾ ਹੈ ਕਿ ਦੋਹਾਂ ਮੁਲਕਾਂ ਦੀ ਤਬਾਹੀ ਹੋਵੇਗੀ। ਇਸੇ ਤਰ੍ਹਾਂ ਜੇ ਕਿਸੇ ਕਾਰਖਾਨੇ ਜਾਂ ਮਿਲ ਵਿੱਚ ਹੜਤਾਲ ਹੋ ਜਾਵੇ ਤਾਂ ਮਿਲ-ਮਾਲਕਾਂ ਤੇ ਮਜ਼ਦੂਰਾਂ ਨੂੰ ਦੋਹਾਂ ਦੀਆਂ ਕੁਝ ਨਾਲ ਕੁਝ ਸ਼ਰਤਾਂ ਮੰਨਕੇ ਕਿਸੇ ਨਾ ਕਿਸੇ ਸਮਝੌਤੇ ਤੇ ਪਹੁੰਚਣਾ ਪੈਂਦਾ ਹੈ ਨਹੀਂ ਤਾਂ ਦੋਹਾਂ ਧਿਰਾਂ ਦਾ ਨੁਕਸਾਨ ਹੁੰਦਾ ਹੈ। ਸਰਕਾਰ ਅਤੇ ਵਿਰੋਧੀ ਪਾਰਟੀਆਂ ਵਿਚ ਰਾਜ ਸੱਤ੍ਹਾ ਲਈ ਸੰਘਰਸ਼ ਵੀ ਚਲਦਾ ਰਹਿੰਦਾ ਹੈ ਪਰ ਨਾਲ ਹੀ ਨਾਲ ਕਈ ਮੁੱਦਿਆਂ ਤੇ ਸਮਾਯੋਜਨ ਵੀ ਹੁੰਦਾ ਰਹਿੰਦਾ ਹੈ। ਅਮਰੀਕਾ ਤੇ ਰੂਸ ਜਦੋਂ ਮਹਾਂ ਸ਼ਕਤੀਆਂ ਸਨ ਤਾਂ ਦੋਵੇਂ ਇਕ ਦੂਜੇ ਦੇ ਖਿਲਾਫ਼ ਹਥਿਆਰਾਂ ਦੇ ਅੰਬਾਰ ਇਕੱਠੇ ਕਰ ਰਹੀਆਂ ਸਨ, ਪਰ ਉਨ੍ਹਾਂ ਨੂੰ ਵਰਤਣ ਤੋਂ ਗੁਰੇਜ਼ ਕਰਨ ਲਈ ਸਮਝੌਤੇ ਵੀ ਕਰਦੀਆਂ ਸਨ ਤਾਂ ਕਿ ਦੁਨੀਆਂ ਦੀ ਤਬਾਹੀ ਲਈ ਜ਼ਿੰਮੇਵਾਰ ਨਾ ਬਣ ਸਕਣ।

ਜੇ ਸਮਾਯੋਜਨ ਨੂੰ ਸਰਲ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਹਾਂਗੇ ਕਿ ਸਮਾਯੋਜਨ ਸੰਘਰਸ਼ ਦਾ ਰੇਜੋਲਯੂਸ਼ਨ ਹੈ ਜਿਸ ਤੋਂ ਭਾਵ ਹੈ ਕਿ ਆਪਣੇ ਆਪ ਨੂੰ ਨਵੇਂ ਵਾਤਾਵਰਣ ਨਾਲ ਐਡਜਸਟ ਕਰਨਾ। ਇਹ ਐਡਜਸਟਮੈਂਟ ਸਰੀਰਕ ਵੀ ਹੋ ਸਕਦੀ ਹੈ ਅਤੇ ਸਮਾਜਕ ਵੀ ਹੋ ਸਕਦੀ ਹੈ। ਜੇਮਜ਼ ਮਾਰਕ ਬਾਲਡਵਿਨ ਨੇ ਦੋਹਾਂ ਕਿਸਮਾਂ ਦੀ ਐਡਜਸਟਮੈਂਟ ਨੂੰ ਵੱਖ ਕੀਤਾ। ਫਿਜ਼ੀਕਲ ਐਡਜਸਟਮੈਂਟ ਨੂੰ ਉਸ ਨੇ ਸਜਾਤੀ ਅਨੁਕੂਲਣ

ਕਿਹਾ। ਉਸ ਨੇ ਕਿਹਾ ਕਿ ਸਜਾਤੀ ਅਨੁਕੂਲਨ (adaptation) ਵਿਰਾਸਤ ਦੁਆਰਾ ਰੂਪਾਂਤਰਿਤ ਸਰੀਰਕ ਜਾਂ ਢਾਂਚੇ ਦੇ ਬਦਲਣ ਰਾਹੀਂ ਸਮੰਜਨ ਹੁੰਦਾ ਹੈ। ਦੂਜੇ ਪਾਸੇ ਸਮਾਯੋਜਨ ਉਹ ਸਮੰਜਨ ਹੈ ਜਿਸ ਨੂੰ ਕਿ ਵਿਅਕਤੀ ਇਸ ਲਈ ਸਮਾਜਕ ਤੌਰ ਤੇ ਰੂਪਾਂਤਰਿਤ ਵਿਵਹਾਰ ਦੇ ਪੈਟਰਨਾਂ ਦੀ ਪ੍ਰਾਪਤੀ ਰਾਹੀਂ ਅਤੇ ਵਿਵਹਾਰ ਕਰਨ ਦੇ ਨਵੇਂ ਢੰਗਾਂ ਕਰਕੇ ਪ੍ਰਾਪਤ ਕਰਦਾ ਹੈ। ਮਨੁੱਖ ਤੋਂ ਇਲਾਵਾ ਹੋਰ ਪਸ਼ੂ ਜਾਂ ਜੀਵ ਜੰਤੂ, ਅਨੁਕੂਲਣ ਰਾਹੀਂ ਆਪਣੇ ਆਪ ਨੂੰ ਬਹੁਤ ਛੇਤੀ ਢਾਲ ਲੈਂਦੇ ਹਨ। ਪਰ ਮਨੁੱਖ ਦੀ ਮੁੱਖ ਸਮੱਸਿਆ ਇਹ ਹੀ ਬਣੀ ਰਹਿੰਦੀ ਹੈ ਕਿ ਉਸ ਨੇ ਆਪਣੇ ਸਾਥੀਆਂ ਨਾਲ ਕਿਵੇਂ ਮਿਲ ਕੇ ਰਹਿਣਾ ਹੈ।

### 1.5.2.1 ਸਮਾਯੋਜਨ ਦੀਆਂ ਪਰਿਭਾਸ਼ਾਵਾਂ (Definitions of Accomodation) :

**ਮੈਕਾਈਵਰ** ਨੇ ਸਮਾਯੋਜਨ ਨੂੰ ਪਰਿਭਾਸ਼ਤ ਕਰਦੇ ਹੋਏ ਲਿਖਿਆ ਹੈ ਕਿ, ''ਸਮਾਯੋਜਨ ਸ਼ਬਦ ਖਾਸ ਕਰਕੇ ਉਸ ਪ੍ਰਕ੍ਰਿਆ ਵੱਲ ਇਸ਼ਾਰਾ ਕਰਦਾ ਹੈ ਜਿਸ ਵਿਚ ਵਿਅਕਤੀ ਆਪਣੇ ਆਲੇ-ਦੁਆਲੇ ਤੋਂ ਮੇਲ ਮਿਲਾਪ ਦੀ ਭਾਵਨਾ ਪ੍ਰਾਪਤ ਕਰਦਾ ਹੈ।''

**ਗਰੋਵਸ ਅਤੇ ਮੂਰ** ਅਨੁਸਾਰ, ''ਸਮਾਯੋਜਨ ਉਹ ਪ੍ਰਕ੍ਰਿਆ ਹੈ ਜਿਸ ਦੁਆਰਾ ਅਸੀਂ ਅਸਲੀ ਮੰਨੇ ਗਏ ਵਿਰੋਧੀ ਸਮਾਜਿਕ ਤੱਤਾਂ ਨੂੰ ਸੰਗਠਿਤ ਕਰਦੇ ਹਾਂ ਤਾਂ ਜੋ ਉਨ੍ਹਾਂ ਨੂੰ ਖੁਲ੍ਹੇ ਸੰਘਰਸ਼ ਤੋਂ ਬਚਾਇਆ ਜਾ ਸਕੇ, ਬੇਸ਼ਕ ਉਨ੍ਹਾਂ ਵਿਚ ਦੁਸ਼ਮਣੀ ਪੈਦਾ ਕਰਨ ਵਾਲੀਆਂ ਮਨੋਬਿਰਤੀਆਂ ਜਾਂ ਭਾਵਨਾਵਾਂ ਪਹਿਲਾਂ ਦੀ ਤਰ੍ਹਾਂ ਹੀ ਬਣੀਆਂ ਰਹਿਣ।''

**ਰਿਊਟਰ ਅਤੇ ਹਾਰਟ ਦੇ ਸ਼ਬਦਾਂ ਵਿਚ,** ''ਸਮਾਯੋਜਨ ਇਕ ਪ੍ਰਕ੍ਰਿਆ ਦੇ ਰੂਪ ਵਿਚ ਯਤਨਾਂ ਦਾ ਉਹ ਕ੍ਰਮ ਹੈ ਜਿਸ ਰਾਹੀਂ ਮਨੁੱਖ ਬਦਲੀਆਂ ਹੋਈਆਂ ਹਾਲਤਾਂ ਅਨੁਸਾਰ ਆਵੱਸ਼ਕ ਬਣ ਗਈਆਂ ਆਦਤਾਂ ਤੇ ਭਾਵਨਾਵਾਂ ਦਾ ਨਿਰਮਾਣ ਕਰਕੇ ਜੀਵਨ ਦੀਆਂ ਪਰਿਵਰਤਿਤ ਹਾਲਤਾਂ ਵਿਚ ਅਨੁਕੂਲਣ ਸਥਾਪਿਤ ਕਰ ਲੈਂਦੇ ਹਨ।''

**ਲੰਡਬਰਗ** ਦਾ ਕਹਿਣਾ ਹੈ ਕਿ ਸਮਾਯੋਜਨ ਸ਼ਬਦਾਂ ਦਾ ਪ੍ਰਯੋਗ ਉਨ੍ਹਾਂ ਅਨੁਕੂਲਣਾਂ ਦਾ ਵਰਨਣ ਕਰਨ ਲਈ ਕੀਤਾ ਗਿਆ ਹੈ ਜਿਨ੍ਹਾਂ ਰਾਹੀਂ ਸਮੂੰਹਾਂ ਵਿਚ ਲੋਕ ਪ੍ਰਤਿਯੋਗਤਾ ਅਤੇ ਸੰਘਰਸ਼ ਤੋਂ ਉਤਪੰਨ ਹੋਣ ਵਾਲੀ ਖਿਚੋਤਾਨ ਜਾਂ ਥਕਾਵਟ ਨੂੰ ਦੂਰ ਕਰਨ ਲਈ ਕਰਦੇ ਹਨ।

**ਗਿਲਿਨ ਅਤੇ ਗਿਲਿਨ** ਅਨੁਸਾਰ, ''ਸਮਾਯੋਜਨ ਉਹ ਪ੍ਰਕ੍ਰਿਆ ਹੈ ਜਿਸ ਦੁਆਰਾ ਪ੍ਰਤਿਯੋਗੀ ਜਾਂ ਸੰਘਰਸ਼ ਕਰ ਰਹੇ ਵਿਅਕਤੀ ਜਾਂ ਸਮੂੰਹ ਇਕ ਦੂਜੇ ਨਾਲ ਆਪਣੇ ਸੰਬੰਧਾਂ ਦਾ ਅਨੁਕੂਲ ਕਰਦੇ ਹਨ ਤਾਂ ਕਿ ਪ੍ਰਤਿਯੋਗਤਾ ਜਾਂ ਸੰਘਰਸ਼ ਦੇ ਕਾਰਣ ਉਤਪੰਨ ਹੋਈਆਂ ਔਕੜਾਂ ਨੂੰ ਦੂਰ ਕੀਤਾ ਜਾ ਸਕੇ।''

ਇਸੇ ਤਰ੍ਹਾਂ **ਸੈਮੂਅਲ ਕੋਇੰਨਿੰਗ** ਲਿਖਦੇ ਹਨ ਕਿ ਖਾਸ ਕਰਕੇ ਸੰਘਰਸ਼ਕਾਰੀ ਪਾਰਟੀਆਂ ਵੱਲੋਂ ਕੀਤੇ ਸਮਝੌਤੇ ਦੀ ਹਾਲਤ ਨੂੰ ਪ੍ਰਗਟ ਕਰਨ ਲਈ ਹੀ ਸਮਾਜ ਵਿਗਿਆਨੀਆਂ ਨੇ ਸ਼ਬਦ ਸਮਾਯੋਜਨ ਦੀ ਵਰਤੋਂ ਕੀਤੀ ਹੈ ਜਿਹੜਾ ਇਸ ਅਰਥ ਵਿਚ ਮਤਭੇਦਾਂ ਦਾ ਪੂਰਾ ਸਮਾਧਾਨ ਨਹੀਂ ਹੁੰਦਾ ਬਲਕਿ ਅਜਿਹਾ ਸਮਝੌਤਾ ਹੁੰਦਾ ਹੈ ਜਿਹੜਾ ਕੁਝ ਅਰਸੇ ਲਈ ਤੱਤਾਂ ਅਤੇ ਸੰਤੁਲਨ ਪ੍ਰਾਪਤੀ ਵਿਚਕਾਰ ਸੰਭਵ ਸਹਿਯੋਗ ਪੈਦਾ ਕਰਦਾ ਹੈ।

### 1.5.2.2 ਸਮਾਯੋਜਨ ਦੀ ਪ੍ਰਕ੍ਰਿਤੀ (Nature of Accomodation) :

ਜਿਵੇਂ ਕਿ ਉਪਰ ਦੱਸ ਚੁੱਕੇ ਹਾਂ ਕਿ ਸਮਾਜ ਵਿਚ ਸੰਘਰਸ਼ ਅਟੱਲ ਹੈ। ਵਿਅਕਤੀ ਜਨਮ ਲੈਂਦੇ ਹਨ, ਮਰਦੇ ਰਹਿੰਦੇ ਹਨ। ਸੰਸਥਾਵਾਂ ਟੁੱਟਦੀਆਂ ਹਨ, ਬਣਦੀਆਂ ਰਹਿੰਦੀਆਂ ਹਨ ਪਰ ਸੰਘਰਸ਼ ਉਨ੍ਹਾਂ ਵਿਚ ਹਮੇਸ਼ਾ ਬਣਿਆ ਰਹਿੰਦਾ ਹੈ ਅਤੇ ਸੰਘਰਸ਼ ਕਰਦੇ ਕਰਦੇ ਉਨ੍ਹਾਂ ਨੂੰ ਸਮਝੌਤੇ ਜਾਂ ਸਮਾਯੋਜਨ ਵਾਲੀ ਸਥਿਤੀ ਤੇ ਪਹੁੰਚਣਾ ਹੀ ਪੈਂਦਾ ਹੈ। ਸੰਘਰਸ਼ ਦੀ ਲੰਮੀ ਥਕਾਵਟ ਤੋਂ ਬਾਅਦ ਸਮਾਯੋਜਨ ਹੁੰਦਾ ਹੈ ਜੋ ਕਿ ਸੰਘਰਸ਼ ਦੀ ਹੀ ਦੇਣ ਹੈ। ਜੇ ਸੰਘਰਸ਼ ਹੀ ਸਮੂੰਹਾਂ ਵਿਚ ਨਾ ਹੋਵੇ ਤਾਂ ਸਮਾਯੋਜਨ ਵੀ ਨਹੀਂ ਹੋਵੇਗਾ।

### 1.5.2.3 ਸਮਾਯੋਜਨ ਦੀਆਂ ਵਿਸ਼ੇਸ਼ਤਾਈਆਂ :

ਉਪਰੋਕਤ ਸਾਰੀ ਚਰਚਾ ਤੋਂ ਜਦੋਂ ਅਸੀਂ ਸਮਾਯੋਜਨ ਦੀ ਪ੍ਰਕ੍ਰਿਤੀ ਬਾਰੇ ਗੱਲ ਕਰਦੇ ਹਾਂ ਤਾਂ ਇਸ ਦੀਆਂ ਕੁਝ ਕੁ ਵਿਸ਼ੇਸ਼ਤਾਈਆਂ ਉਭਰ ਕੇ ਸਾਹਮਣੇ ਆਉਂਦੀਆਂ ਹਨ। ਉਹ ਹਨ :

**(ੳ) ਸੰਘਰਸ਼ ਨੂੰ ਖਤਮ ਕਰਨਾ :**

ਬੇਸ਼ਕ ਸਮਾਯੋਜਨ ਸੰਘਰਸ਼ ਨੂੰ ਖਤਮ ਕਰਨ ਦਾ ਇਕ ਯਤਨ ਹੁੰਦਾ ਹੈ ਪ੍ਰੰਤੂ ਇਹ ਨਹੀਂ ਕਿਹਾ ਜਾ

ਸਕਦਾ ਕਿ ਸਮਾਯੋਜਨ ਹੋਣ ਤੋਂ ਬਾਅਦ ਦੋਹਾਂ ਸਮੂੰਹਾਂ ਜਾਂ ਪਾਰਟੀਆਂ ਦਰਮਿਆਨ ਗੁੱਸਾ ਜਾਂ ਨਫਰਤ ਬਿਲਕੁਲ ਖਤਮ ਹੋ ਗਈ। ਗੁੱਸਾ, ਨਫ਼ਰਤ ਜਾਂ ਦੁਸ਼ਮਣੀ ਤਾਂ ਬਣੀ ਰਹਿੰਦੀ ਹੈ ਪ੍ਰੰਤੂ ਸਮਾਯੋਜਨ ਦੁਆਰਾ ਇਸਨੂੰ ਸਿਰਫ਼ ਘੱਟ ਕੀਤਾ ਜਾ ਸਕਦਾ ਹੈ ਜਾਂ ਟਾਲਿਆ ਜਾ ਸਕਦਾ ਹੈ ਤਾਂ ਕਿ ਦੋਵੇਂ ਧਿਰਾ ਨੁਕਸਾਨ ਤੋਂ ਬੱਚ ਸਕਣ।

**(ਅ) ਸਮਾਯੋਜਨ ਵਿਚ ਪ੍ਰੇਮ ਅਤੇ ਨਫ਼ਰਤ ਦੋਵੇਂ ਭਾਵਨਾਵਾਂ ਹੁੰਦੀਆਂ ਹਨ :**

ਜਿਵੇਂ ਕਿ ਉਪਰ ਦੱਸ ਚੁੱਕੇ ਹਾਂ ਕਿ ਬੇਸ਼ਕ ਸੰਘਰਸ਼ ਨੂੰ ਸਮਾਯੋਜਨ ਰਾਹੀਂ ਟਾਲਿਆ ਜਾਂਦਾ ਹੈ ਪਰ ਉਸ ਨਾਲ ਵਿਰੋਧੀਆਂ ਅੰਦਰ ਦਾ ਗੁੱਸਾ ਜਾਂ ਦੁਸ਼ਮਨੀ ਖਤਮ ਨਹੀਂ ਹੁੰਦੀ ਸਿਰਫ ਘੱਟਦੀ ਹੈ ਕੁਝ ਸਮੇਂ ਲਈ ਦੋਵਾਂ ਦੀਆਂ ਮੀਟਿੰਗਾਂ ਕਰਕੇ ਉਹਨਾਂ ਦੇ ਗੁੱਸੇ ਨੂੰ ਟਾਲਕੇ ਪ੍ਰੇਮ ਪੈਦਾ ਕੀਤਾ ਜਾਂਦਾ ਹੈ। ਇਸ ਲਈ ਸਮਾਯੋਜਨ ਵਿਚ ਦੋਵੇਂ ਤਰ੍ਹਾਂ ਦੀਆਂ ਭਾਵਨਾਵਾਂ ਪਾਈਆਂ ਜਾਂਦੀਆਂ ਹਨ।

**(ੲ) ਅਚੇਤਨ ਪ੍ਰਕ੍ਰਿਆ :**

ਸਮਾਯੋਜਨ ਦੀ ਪ੍ਰਕ੍ਰਿਆ ਅਚੇਤਨ ਹੁੰਦੀ ਹੈ। ਹਰੇਕ ਸਮਾਜਕ ਸੰਬੰਧ ਸਾਡੇ ਦ੍ਰਿਸ਼ਟੀਕੋਣ ਅਤੇ ਕੀਮਤਾਂ ਉਤੇ ਪ੍ਰਭਾਵ ਪਾਉਂਦਾ ਰਹਿੰਦਾ ਹੈ ਜਿਸਦਾ ਸਾਨੂੰ ਕੋਈ ਗਿਆਨ ਨਹੀਂ ਹੁੰਦਾ। ਹੌਲੀ-ਹੌਲੀ ਅਸੀਂ ਕਿਸੇ ਵਿਸ਼ੇਸ਼ ਦਿਸ਼ਾ ਵੱਲ ਆਪ ਮੁਹਾਰੇ ਮੁੜਨ ਲੱਗ ਪੈਂਦੇ ਹਾਂ। ਸਾਨੂੰ ਇਸ ਚੀਜ਼ ਦਾ ਗਿਆਨ ਬਹੁਤ ਦੇਰ ਬਾਅਦ ਹੁੰਦਾ ਹੈ।

**(ਸ) ਨਿਰੰਤਰਤਾ :**

ਸਮਾਯੋਜਨ ਦੀ ਪ੍ਰਕ੍ਰਿਆ ਨਿਰੰਤਰ ਚਲਦੀ ਰਹਿੰਦੀ ਹੈ। ਇਹ ਨਹੀਂ ਕਿ ਪ੍ਰਕ੍ਰਿਆ ਕਿਸੇ ਖਾਸ ਯੁਗ ਜਾਂ ਸਮੇਂ ਵਿਚ ਹੁੰਦੀ ਹੈ। ਜਦੋਂ ਦੀ ਦੁਨੀਆ ਬਣੀ ਹੈ ਉਸ ਸਮੇਂ ਤੋਂ ਹੀ ਇਹ ਪ੍ਰਕ੍ਰਿਆ ਜਾਰੀ ਹੈ।

**(ਹ) ਸਰਵਵਿਆਪਕਤਾ :**

ਸਮਾਯੋਜਨ ਸਰਵ-ਵਿਆਪੀ ਹੈ। ਇਹ ਪ੍ਰਕ੍ਰਿਆ ਸਾਰੇ ਸਮਾਜਾਂ ਵਿਚ ਵਾਪਰਦੀ ਹੈ। ਭਾਵੇਂ ਉਹ ਅਮਰੀਕਾ ਦਾ ਸਮਾਜ ਹੋਵੇ ਜਾਂ ਭਾਰਤ ਦਾ।

### 1.5.2.4 ਸਮਾਯੋਜਨ ਦੀਆਂ ਕਿਸਮਾਂ (Types of Accomodation) :

ਪਾਰਕ ਅਤੇ ਬਰਗਸ ਨੇ ਸਮਾਯੋਜਨ ਦੀਆਂ ਦੋ ਕਿਸਮਾਂ ਦਾ ਜ਼ਿਕਰ ਕੀਤਾ ਹੈ।

(ੳ) **ਨਵੀਆਂ ਕੁਦਰਤੀ ਹਾਲਤਾਂ ਨਾਲ ਸਮਾਯੋਜਨ** : ਇਸ ਵਿਚ ਨਵਾਂ ਜਲਵਾਯੂ, ਜ਼ਮੀਨ ਦੀ ਕਿਸਮ ਆਦਿ ਸ਼ਾਮਲ ਹੁੰਦਾ ਹੈ ਅਤੇ ਇਸ ਨੂੰ ਅਕਸਰ ਦਸ਼ਾ ਅਨੁਕੂਲਣ ਵੀ ਕਿਹਾ ਜਾਂਦਾ ਹੈ।

(ਅ) **ਨਵੀਆਂ ਸਮਾਜਕ ਹਾਲਤਾਂ ਨਾਲ ਸਮਾਯੋਜਨ** : ਇਸ ਵਿਚ ਨਵੇਂ ਸਮਾਜਕ ਵਾਤਾਵਰਣ ਨਾਲ ਸਮਾਯੋਜਨ ਹੁੰਦਾ ਹੈ ਜਿਵੇਂ ਲੋਕ ਰੀਤੀਆਂ, ਲੋਕਾਚਾਰ ਅਤੇ ਸੰਸਥਾਵਾਂ। ਇਸ ਨੂੰ ਉਨ੍ਹਾਂ ਨੇ ਪ੍ਰਾਕ੍ਰਿਤੀਕਰਣ ਕਿਹਾ ਹੈ।

ਇਹਨਾਂ ਤੋਂ ਇਲਾਵਾ ਖਿਚਾਓ ਵਾਲੀ ਸਥਿਤੀ ਨੂੰ ਟਾਲਣ ਲਈ ਸਮਾਯੋਜਨ ਤੀਜੀ ਕਿਸਮ ਦਾ ਸਮਾਯੋਜਨ ਹੈ। ਇਸ ਕਿਸਮ ਦੇ ਸਮਾਯੋਜਨ ਵਿਚ ਜਿਸ ਵਿਚ ਵਿਰੋਧੀ ਧਿਰਾਂ ਕੁਝ ਸ਼ਰਤਾਂ ਆਪ ਢਿਲੀਆਂ ਕਰਕੇ ਇਕ ਦੂਜੇ ਨਾਲ ਸਮਝੌਤਾ ਕਰਦੀਆਂ ਹਨ ਤਾਂ ਕਿ ਖਿਚਾਓ ਵਾਲੀ ਸਥਿਤੀ ਨੂੰ ਟਾਲਿਆ ਜਾ ਸਕੇ। ਜਿਵੇਂ ਠੰਡੀ ਜੰਗ ਵੇਲੇ ਅਮਰੀਕਾ ਤੇ ਰੂਸ ਕਰਦੇ ਰਹੇ ਹਨ। ਇਸ ਕਿਸਮ ਵਿੱਚ ਦੋਵੇਂ ਧਿਰਾਂ ਬਰਾਬਰੀ ਵਾਲੀਆਂ ਹੁੰਦੀਆਂ ਹਨ। ਭਾਵੇਂ ਕਿ ਇਸ ਸਮਾਯੋਜਨ ਵਿਚ ਪੱਕਾ ਸਮਝੌਤਾ ਨਹੀਂ ਹੁੰਦਾ ਨਾ ਹੀ ਖਿਚਾਓ ਵਿਚ ਕੋਈ ਪੱਕੀ ਕਮੀ ਆਉਂਦੀ ਹੈ, ਪਰ ਫੌਜੀ ਖਤਰਾ ਜ਼ਰੂਰ ਟਾਲਿਆ ਜਾ ਸਕਦਾ ਹੈ।

ਇਸ ਤੋਂ ਉਲਟ ਅਧੀਨਤਾ ਵਾਲਾ ਸਮਾਯੋਜਨ ਉਹ ਹੁੰਦਾ ਹੈ ਜਿਸ ਵਿਚ ਉਹ ਵਿਰੋਧੀ ਦਲ ਹੁੰਦੇ ਹਨ ਜਿਨ੍ਹਾਂ ਦੀ ਹੈਸੀਅਤ ਜਾਂ ਪਾਵਰ ਬਰਾਬਰ ਨਹੀਂ ਹੁੰਦੀ। ਜਿਸ ਲਈ ਕਮਜ਼ੋਰ ਧਿਰ ਨੂੰ ਤਕੜੀ ਧਿਰ ਦੀਆਂ ਸ਼ਰਤਾਂ ਪ੍ਰਵਾਨ ਕਰਨੀਆਂ ਪੈਂਦੀਆਂ ਹਨ ਤਾਂ ਕਿ ਤਣਾਓ ਨੂੰ ਘੱਟ ਕੀਤਾ ਜਾ ਸਕੇ ਨਹੀਂ ਤਾਂ ਸੰਘਰਸ਼ ਦੀ ਹਾਲਤ ਵਿੱਚ ਮਾੜੀ ਧਿਰ ਦਾ ਨੁਕਸਾਨ ਜ਼ਿਆਦਾ ਹੁੰਦਾ ਹੈ। ਜਿਵੇਂ ਇਰਾਕ ਨੇ ਯੂ.ਐਨ.ਓ. ਦੀਆਂ ਸਾਰੀਆਂ ਸ਼ਰਤਾਂ ਮੰਨ ਕੇ ਅਮਰੀਕਾ ਦੇ ਕਰੋਧ ਤੋਂ ਬਚਣ ਲਈ ਕੀਤਾ। ਬੇਸ਼ਕ ਉਹ ਫੇਰ ਵੀ ਅਮਰੀਕਾ ਦੀ ਚਾਲ ਦਾ ਸ਼ਿਕਾਰ ਬਣਿਆ।

### 1.5.2.5 ਸਮਾਯੋਜਨ ਦੇ ਢੰਗ (Methods of Accomodation) :

ਵਿਅਕਤੀਆਂ, ਸਮੂਹਾਂ ਜਾਂ ਵਿਰੋਧੀ ਪਾਰਟੀਆਂ ਦੇ ਵਿਚਕਾਰ ਜੋ ਸੰਘਰਸ਼ ਹੁੰਦਾ ਹੈ ਉਸਨੂੰ ਖਤਮ ਕਰਨ ਲਈ ਸਮਾਯੋਜਨ ਵਿਕਸਿਤ ਹੁੰਦਾ ਹੈ। ਸੰਘਰਸ਼ ਜਦੋਂ ਸਮਝੌਤੇ ਵਿਚ ਬਦਲ ਜਾਂਦਾ ਹੈ ਤਾਂ ਉਸਨੂੰ ਸਮਾਯੋਜਨ ਦਾ ਨਾਂ ਦਿੱਤਾ ਜਾਂਦਾ ਹੈ। ਸਮਾਯੋਜਨ ਦੇ ਦੁਆਰਾ ਸੰਘਰਸ਼ ਨੂੰ ਖਤਮ ਕਰਨ ਲਈ ਕਈ ਢੰਗਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਪ੍ਰੰਤੂ ਇਥੇ ਅਸੀਂ ਗਿਲਿਨ ਐਂਡ ਗਿਲਿਨ ਦੁਆਰਾ ਦਿੱਤੇ ਢੰਗਾਂ ਦੀ ਚਰਚਾ ਕਰਾਂਗੇ।

**(i) ਵਲਪ੍ਰਯੋਗ ਜਾਂ ਦਬਾਅ ਅੱਗੇ ਝੁਕਣਾ (Yielding to Coercion) :**

ਵਲ ਪ੍ਰਯੋਗ ਜਾਂ ਦਬਾਅ ਦਾ ਭਾਵ ਹੈ ਜਦੋਂ ਸੰਘਰਸ਼ ਨੂੰ ਟਾਲਣ ਲਈ ਸ਼ਕਤੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਢੰਗ ਉਹਨਾਂ ਧਿਰਾਂ ਜਾਂ ਪਾਰਟੀਆਂ ਵਿਚ ਸੰਘਰਸ਼ ਨੂੰ ਟਾਲਣ ਲਈ ਪ੍ਰਯੋਗ ਵਿਚ ਲਿਆਂਦਾ ਜਾਂਦਾ ਹੈ ਜਿਥੇ ਦੱਲਾਂ, ਧਿਰਾਂ ਜਾਂ ਪਾਰਟੀਆਂ ਵਿਚ ਸ਼ਕਤੀ ਜਾਂ ਪਾਵਰ ਦੀ ਨਾ ਬਰਾਬਰੀ ਹੋਵੇ। ਇਸ ਢੰਗ ਰਾਹੀਂ ਤਕੜੀ ਧਿਰ ਮਾੜੀ ਧਿਰ ਨੂੰ ਧਮਕੀ ਦਿੰਦੀ ਹੈ ਕਿ ਉਸ ਨੇ ਉਸ ਦੀ ਸ਼ਰਤ ਨੂੰ ਨਾ ਮੰਨਿਆ ਤਾਂ ਉਹ ਉਸ ਤੇ ਹਮਲਾ ਕਰ ਦੇਵੇਗਾ ਜਾਂ ਉਸਦੇ ਗੁੱਸੇ ਦਾ ਮਾੜੀ ਧਿਰ ਨੂੰ ਸ਼ਿਕਾਰ ਹੋਣਾ ਪਵੇਗਾ। ਜਿਸ ਵਿਚ ਤਕੜੀ ਧਿਰ ਦੀ ਜਿੱਤ ਤੇ ਮਾੜੀ ਧਿਰ ਦਾ ਨੁਕਸਾਨ ਯਕੀਨੀ ਹੁੰਦਾ ਹੈ। ਜਿਸ ਦੇ ਡਰੋਂ ਮਾੜੀ ਪਾਰਟੀ ਨੂੰ ਝੁਕਣਾ ਪੈਂਦਾ ਹੈ।

**(ii) ਸਮਝੌਤਾ (Compromise) :**

ਜਦੋਂ ਦੋਵੇਂ ਧਿਰਾਂ ਜਾਂ ਪਾਰਟੀਆਂ ਦੀ ਸ਼ਕਤੀ ਇਕੋ ਜਿਹੀ ਹੋਵੇ ਤੇ ਕੋਈ ਵੀ ਧਿਰ ਦੂਜੀ ਨੂੰ ਮਾਤ ਜਾਂ ਹਾਰ ਨਾ ਦੇ ਸਕਦੀ ਹੋਵੇ ਤਾਂ ਸਮਝੌਤੇ ਰਾਹੀਂ ਸੰਘਰਸ਼ ਨੂੰ ਟਾਲਿਆ ਜਾਂਦਾ ਹੈ। ਅਜਿਹੀ ਕਿਸਮ ਦਾ ਸਮਾਯੋਜਨ ਬਰਾਬਰ ਦੀ ਸ਼ਕਤੀ ਜਾਂ ਬਲ ਵਾਲੀਆਂ ਧਿਰਾਂ ਵਿਚ ਹੁੰਦਾ ਹੈ। ਜਿਥੇ ਸੰਘਰਸ਼ ਵਿਚ ਉਲਝੀਆਂ ਸਾਰੀਆਂ ਧਿਰਾਂ ਇਕ ਦੂਜੇ ਦੀਆਂ ਕੁਝ ਨਾ ਕੁਝ ਸ਼ਰਤਾਂ ਮੰਨ ਕੇ ਸਮਝੌਤਾ ਕਰ ਲੈਂਦੀਆਂ ਹਨ ਅਤੇ ਆਪਸ ਦੇ ਪਏ ਵਾਦ-ਵਿਵਾਦ ਜਾਂ ਝਗੜੇ ਨੂੰ ਟਾਲ ਸਕਦੀਆਂ ਹਨ।

**(iii) ਸਾਲਸ ਫੈਸਲਾ ਜਾਂ ਪੰਚਾਂ ਦਾ ਫੈਸਲਾ (Arbitration and Conciliation) :**

ਇਸ ਕਿਸਮ ਦੇ ਸਮਾਯੋਜਨ ਵਿਚ ਦੋ ਵਿਰੋਧੀ ਧਿਰਾਂ ਦਾ ਤੀਜੀ ਧਿਰ ਫੈਸਲਾ ਕਰਵਾਉਂਦੀ ਹੈ। ਜਦੋਂ ਦੋਵੇਂ ਵਿਰੋਧੀ ਧਿਰਾਂ ਕਿਸੇ ਫੈਸਲੇ ਤੇ ਨਾਂ ਪਹੁੰਚ ਸਕਣ ਤਾਂ ਤੀਜੀ ਧਿਰ ਜਿਸ ਉਪਰ ਦੋਹਾਂ ਧਿਰਾਂ ਨੂੰ ਵਿਸ਼ਵਾਸ ਹੁੰਦਾ ਹੈ, ਫੈਸਲਾ ਕਰਵਾਉਂਦੀ ਹੈ। ਜਿਸ ਦਾ ਫੈਸਲਾ ਭਾਵੇਂ ਕਿਸੇ ਵੀ ਧਿਰ ਲਈ ਮੰਨਣਾ ਜ਼ਰੂਰੀ ਨਹੀਂ ਹੁੰਦਾ ਕਿਉਂਕਿ ਉਹ ਆਪਣਾ ਫੈਸਲਾ ਥੋਪ ਨਹੀਂ ਸਕਦੀ। ਪਰ ਫਿਰ ਵੀ ਉਹ ਕੋਸ਼ਿਸ਼ ਕਰਦੀ ਹੈ ਕਿ ਅਜਿਹਾ ਫ਼ੈਸਲਾ ਕਰੇ ਜਿਸ ਵਿਚ ਕਿਸੇ ਵੀ ਵਿਰੋਧੀ ਧਿਰ ਨੂੰ ਨੁਕਸਾਨ ਨਾ ਪਹੁੰਚੇ। ਜੇ ਨੁਕਸਾਨ ਪਹੁੰਚੇ ਤਾਂ ਬਰਾਬਰ ਦਾ, ਜੇ ਲਾਭ ਹੋਵੇ ਤਾਂ ਵੀ ਬਰਾਬਰ ਦਾ। ਜਿਵੇਂ ਕਸ਼ਮੀਰ ਮਸਲੇ ਉਤੇ ਭਾਰਤ ਅਤੇ ਪਾਕਿਸਤਾਨ ਦਾ ਫੈਸਲਾ ਕਰਵਾਉਣ ਲਈ ਵਿਚੋਲਗੀ ਲਈ ਅਮਰੀਕਾ ਨੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਸ੍ਰੀ ਲੰਕਾ ਅਤੇ ਤਾਮਿਲਾਂ ਵਿਚ ਝਗੜੇ ਦੇ ਨਿਪਟਾਰੇ ਲਈ ਕਈ ਧਿਰਾਂ ਨੇ ਵਿਚੋਲਗੀ ਲਈ ਆਪਣੀਆਂ ਸੇਵਾਵਾਂ ਪੇ ਸ਼ ਕੀਤੀਆਂ।

**(iv) ਸਹਿਣਸ਼ੀਲਤਾ (Toleration) :**

ਸਹਿਣਸ਼ੀਲਤਾ ਵਿਚ ਕਿਸੇ ਵੀ ਪੱਖ ਨੂੰ ਦਬਾਇਆ ਨਹੀਂ ਜਾਂਦਾ ਅਤੇ ਨਾ ਹੀ ਕਿਸੇ ਪੱਖ ਦੀ ਮੂਲ ਨੀਤੀ ਵਿਚ ਪਰਿਵਰਤਨ ਲਿਆਇਆ ਜਾਂਦਾ ਹੈ ਫਿਰ ਵੀ ਉਹ ਇਕ ਦੂਜੇ ਨੂੰ ਬਰਦਾਸ਼ਤ ਕਰਦੇ ਹਨ। ਇਸ ਕਿਸਮ ਤਹਿਤ ਨਾਂ ਤਾਂ ਝਗੜੇ ਦਾ ਕੋਈ ਹੱਲ ਹੁੰਦਾ ਹੈ ਨਾ ਹੀ ਸੰਘਰਸ਼ ਖਤਮ ਹੁੰਦਾ ਹੈ, ਪਰ ਵਿਰੋਧੀ ਧਿਰਾਂ ਵਿਚੋਂ ਕਿਸੇ ਇਕ ਵਿੱਚ ਜਾਂ ਸਾਰੀਆਂ ਵਿਚ ਜੇ ਸਹਿਨਸ਼ੀਲਤਾ ਆ ਜਾਵੇ ਜਿਸ ਨਾਲ ਉਹ ਵਿਰੋਧੀ ਦੀਆਂ ਕਾਰਵਾਈਆਂ ਤੋਂ ਨਾ ਭੜਕਣ ਤਾਂ ਸੰਘਰਸ਼ ਨੂੰ ਟਾਲਿਆ ਜਾ ਸਕਦਾ ਹੈ। ਜਿਵੇਂ ਪੰਜਾਬ ਸਮੱਸਿਆ ਵੇਲੇ ਹਿੰਦੂ-ਸਿੱਖਾਂ ਵਿਚ ਪਾੜਾ ਵਧਿਆ ਸੀ ਪਰ ਦੋਹਾਂ ਧਿਰਾਂ ਵਿਚ ਸਹਿਨਸ਼ੀਲਤਾ ਹੋਣ ਕਰਕੇ ਵਾਦ-ਵਿਵਾਦ ਹੋਣੋਂ ਟਲਦਾ ਰਿਹਾ। ਜਿਵੇਂ ਬਾਬਰੀ ਮਸਜਿਦ ਵੇਲੇ ਜਦੋਂ ਵੀ ਦੋਹਾਂ ਧਿਰਾਂ ਵਿਚੋਂ ਸਹਿਨਸ਼ੀਲਤਾ ਖ਼ਤਮ ਹੋਈ ਉਸੇ ਸਮੇਂ ਜਾਨੀ ਤੇ ਮਾਲੀ ਨੁਕਸਾਨ ਹੋਇਆ।

**(v) ਤਰਕਪੂਰਣਤਾ (Rationalization) :**

ਅਜਿਹੀ ਕਿਸਮ ਦੇ ਸਮਾਯੋਜਨ ਵਿਚ ਸੰਘਰਸ਼ ਕਰ ਰਹੀਆਂ ਦੋਹਾਂ ਧਿਰਾਂ ਵਿਚੋਂ ਜਦੋਂ ਇਕ ਧਿਰ ਤਰਕਪੂਰਵਕ ਇਹ ਮਹਿਸੂਸ ਕਰ ਲਵੇ ਕਿ ਜੋ ਗੱਲ ਜਾਂ ਵਿਚਾਰ ਮੈਂ ਰੱਖਦਾ ਰਿਹਾ ਹਾਂ ਉਹ ਗਲਤ ਹਨ ਅਤੇ ਜੋ ਗੱਲ ਮੇਰਾ ਵਿਰੋਧੀ ਕਹਿੰਦਾ ਰਿਹਾ ਹੈ ਉਹ ਠੀਕ ਸੀ। ਅਜਿਹੀ ਕਿਸਮ ਦੇ ਵਿਚਾਰਾਂ ਦੇ ਪਰਿਵਰਤਨ ਨਾਲ ਵੀ ਤਣਾਓ ਖਤਮ ਕੀਤਾ ਜਾ ਸਕਦਾ ਹੈ।

**(vi) ਉਦਾਤੀਕਰਣ ਜਾਂ ਵਿਚਾਰ ਪਰਿਵਰਤਨ (Conversion) :**

ਇਸ ਕਿਸਮ ਦੇ ਸਮਾਯੋਜਨ ਰਾਹੀਂ ਦੋਵਾਂ ਪੱਖਾਂ ਵਿਚੋ ਇਕ ਪੱਖ ਇਹ ਮੰਨ ਲੈਂਦਾ ਹੈ ਕਿ ਉਹ ਗਲਤ ਹੈ ਅਤੇ ਦੂਜੀ ਧਿਰ ਠੀਕ ਹੈ। ਇਸ ਪ੍ਰਕ੍ਰਿਆ ਵਿਚ ਵਿਰੋਧੀ ਪੱਖ ਆਪਣੇ ਵਿਚਾਰਾਂ ਨੂੰ ਛੱਡ ਦਿੰਦਾ ਹੈ ਅਤੇ ਨਵੇਂ ਵਿਚਾਰਾਂ ਨੂੰ ਅਪਣਾ ਲੈਂਦਾ ਹੈ।

**(vii) ਯੁਕਤੀਕਰਣ (Sublimation) :**

ਜਦੋਂ ਅਸਲੀ ਅਤੇ ਸਪਸ਼ਟ ਕਾਰਣਾਂ ਨੂੰ ਮੰਨਣਾ ਅਪਰਾਧ ਜਾਂ ਪਰਿਵਰਤਨ ਦੀ ਲੋੜ ਵੱਲ ਇਸ਼ਾਰਾ ਕਰਦਾ ਹੈ। ਜਦੋਂ ਬੰਦਾ ਗਲਤੀ ਤਾਂ ਆਪ ਕਰਦਾ ਹੈ ਪਰ ਉਹ ਦੋਸ਼ੀ ਦੂਜਿਆਂ ਨੂੰ ਠਹਿਰਾਉਂਦਾ ਹੈ, ਉਹ ਆਪਣੇ ਆਪ ਵਿਚ ਕਾਬਲੀਅਤ ਦੀ ਘਾਟ ਮੰਨਣ ਨਾਲੋਂ ਆਪਣੀਆਂ ਗਲਤੀਆਂ ਨੂੰ ਨਿਆਇ ਸੰਗਤ ਠਹਿਰਾਉਣ ਲਈ ਆਪਣੇ ਆਪ ਨਾਲ ਕੀਤਾ ਵਿਤਕਰਾ ਮੰਨ ਕੇ ਆਪਣੇ ਸਵੈਮਾਨ ਨੂੰ ਕਾਇਮ ਰੱਖਦਾ ਹੈ। ਜਿਵੇਂ ਦੂਜੀ ਸੰਸਾਰ ਜੰਗ ਵਿਚ ਸੰਸਾਰ ਯੁੱਧ ਨੂੰ ਸ਼ੁਰੂ ਕਰਨ ਲਈ ਨਾਜੀ ਜਰਮਨੀ ਇਹ ਕਾਰਣ ਦੱਸਦੇ ਹਨ ਕਿ ਵਿਦੇਸ਼ੀਆਂ ਨੇ ਜਰਮਨੀ ਨੂੰ ਤਬਾਹ ਕਰਨ ਬਾਰੇ ਸੋਚਿਆ। ਇਸੇ ਤਰ੍ਹਾਂ ਅਮਰੀਕਾ ਕਹਿੰਦਾ ਹੈ ਕਿ ਉਸ ਨੇ ਦੁਨੀਆਂ ਵਿਚ ਲੋਕਤੰਤਰ ਨੂੰ ਬਣਾਉਣ ਲਈ ਹਿੱਸਾ ਲਿਆ।

ਸਮਾਯੋਜਨ ਤੇ ਹੋਈ ਉਪਰਲੀ ਚਰਚਾ ਤੋਂ ਸਪਸ਼ਟ ਹੈ ਕਿ ਸਮਾਯੋਜਨ ਸਮਾਜ ਵਿਚ ਵਿਰੋਧੀ ਧਿਰਾਂ ਵਿਚ ਸੰਘਰਸ਼ ਨੂੰ ਟਾਲਣ ਵਿਚ ਹੀ ਸਹਾਈ ਨਹੀਂ ਹੁੰਦਾ ਸਗੋਂ ਸਕਾਰਾਤਮਕ ਭਾਵ ਵਿਚ ਸਮਾਜਕ ਵਿਵਸਥਾ ਦੀ ਲੋੜੀਂਦੀ ਸੁਰੱਖਿਆ ਕਾਇਮ ਰੱਖਣ ਲਈ ਵੀ ਮਦਦ ਕਰਦਾ ਹੈ ਤਾਂ ਜੋ ਸੰਘਰਸ਼ਮਈ ਹਿੱਤਾਂ ਵਾਲੇ ਵਿਅਕਤੀ ਅਤੇ ਸਮੂੰਹ ਆਪਣੇ ਜੀਵਨ ਕੰਮਾਂ ਨੂੰ ਇਕੱਠੇ ਰੂਪ ਵਿਚ ਚਲਦਾ ਰੱਖ ਸਕਣ।

**1.5.3 ਸਮੀਕਰਣ ਦਾ ਅਰਥ (Meaning of Assimilation) :**

ਸਮੀਕਰਣ ਤੋਂ ਭਾਵ ਉਸ ਪ੍ਰਕ੍ਰਿਆ ਤੋਂ ਹੈ ਜਿਸ ਵਿਚ ਵਿਅਕਤੀ ਅਤੇ ਸਮੂੰਹ ਦੂਜੇ ਵਿਅਕਤੀਆਂ ਜਾਂ ਸਮੂੰਹਾਂ ਜਿਨ੍ਹਾਂ ਵਿਚ ਉਹ ਰਹਿੰਦੇ ਜਾਂ ਵਿਚਰਦੇ ਹਨ, ਦੇ ਜੀਵਨ ਢੰਗ ਨੂੰ ਅਪਣਾਉਂਦੇ ਹੋਏ ਉਹਨਾਂ ਦਾ ਸਭਿਆਚਾਰ ਅਪਣਾ ਲੈਂਦੇ ਹਨ। ਸਮੀਕਰਣ ਦੀ ਪ੍ਰਕ੍ਰਿਆ ਰਾਹੀਂ ਇਕ ਸਮੂੰਹ ਦੂਜੇ ਸਮੂਹ ਦੇ ਸਭਿਆਚਾਰ, ਮਾਨਸਿਕ ਅਤੇ ਸਮਾਜਿਕ ਵਿਸ਼ੇਸ਼ਤਾਵਾਂ ਨੂੰ ਇਸ ਹੱਦ ਤੱਕ ਗ੍ਰਹਿਣ ਕਰ ਲੈਂਦਾ ਹੈ ਕਿ ਫੇਰ ਦੋਵੇਂ ਸਮੂਹਾਂ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ।

ਜਦੋਂ ਵਿਅਕਤੀ ਅਤੇ ਸਮੰਹ ਬਹੁਤ ਲੰਮੇ ਸਮੇਂ ਲਈ ਇਕੱਠੇ ਮਿਲਕੇ ਰਹਿੰਦੇ ਹਨ ਅਤੇ ਕੰਮ ਕਰਦੇ ਹਨ। ਤਾਂ ਹੌਲੀ ਹੌਲੀ ਆਪਣੀ ਸੰਸਕ੍ਰਿਤੀ, ਕਦਰਾਂ-ਕੀਮਤਾਂ ਭੁੱਲ ਕੇ ਦੂਸਰੇ, ਸਮੂੰਹ ਦੀ ਸੰਸਕ੍ਰਿਤੀ, ਰਵੱਈਆ, ਕੀਮਤਾਂ, ਸੋਚਣ ਅਤੇ ਵਿਵਹਾਰ ਕਰਨ ਦੇ ਢੰਗਾਂ ਨੂੰ ਅਪਣਾ ਲੈਂਦੇ ਹਨ : ਭਾਵ ਦੂਜੇ ਸਮੂੰਹ ਦਾ ਜੀਵਨ ਤਰੀਕਾ ਅਪਣਾ ਲੈਂਦੇ ਹਨ। ਜਿਵੇਂ ਹੈਨਰੀ ਪ੍ਰੋਟਫੇਅਰਚਾਈਲਡ ਨੇ ''ਇਮੀਗ੍ਰੈਂਟ ਬੈਕਗ੍ਰਾਊਂਡਜ਼'' ਵਿਚ ਕਿਹਾ ਹੈ ਕਿ, ਇਸ ਪ੍ਰਕ੍ਰਿਆ ਵਿਚ ਅਣ-ਰਾਸ਼ਟਰੀਕਰਣ ਅਤੇ ਪੁਨਰ-ਰਾਸ਼ਟਰੀਕਰਣ ਦੋਵੇਂ ਸ਼ਾਮਿਲ ਹੁੰਦੇ ਹਨ।

**1.5.3.1 ਸਮੀਕਰਣ ਦੀਆਂ ਪਰਿਭਾਸ਼ਾਵਾਂ :**

**ਔਗਬਰਨ ਅਤੇ ਨਿਮਕੋਫ** ਅਨੁਸਾਰ, ''ਸਮੀਕਰਣ ਉਹ ਪ੍ਰਕ੍ਰਿਆ ਹੈ ਜਿਸ ਰਾਹੀਂ ਵਿਅਕਤੀ ਜਾਂ ਸਮੂੰਹ ਜੋ ਪਹਿਲਾਂ ਭਿੰਨ ਸਨ, ਅਭਿੰਨ ਜਾਂ ਸਮਰੂਪ ਹੋ ਜਾਂਦੇ ਹਨ, ਅਰਥਾਤ ਉਨ੍ਹਾਂ ਦੀਆਂ ਰੁਚੀਆਂ ਅਤੇ ਦ੍ਰਿਸ਼ਟੀਕੋਣਾਂ ਵਿਚ ਇਕਰੂਪਤਾ ਆ ਜਾਂਦੀ ਹੈ।''

**ਹਰਟਨ ਅਤੇ ਹੰਟ** ਅਨੁਸਾਰ, ''ਸਮੀਕਰਣ ਉਹ ਪ੍ਰਕ੍ਰਿਆ ਹੈ ਜਿਹੜੀ ਆਪਸੀ ਸਭਿਆਚਾਰਕ, ਫੈਲਾਅ ਦੇ ਦੁਆਰਾ ਵਿਅਕਤੀਆਂ ਅਤੇ ਸਮੂੰਹਾਂ ਨੂੰ ਸਾਂਝੇ ਸਭਿਆਚਾਰ ਨੂੰ ਅਪਨਾਉਣ ਲਈ ਪ੍ਰੇਰਦੀ ਹੈ।''

**ਲੰਡਬਰਗ** ਦਾ ਵਿਚਾਰ ਹੈ ਕਿ ਸਮੀਕਰਣ ਸ਼ਬਦ ਦਾ ਪ੍ਰਯੋਗ ਪ੍ਰਸਪਰਿਕ ਸੰਜਮ ਦੀ ਉਸ ਪ੍ਰਕ੍ਰਿਆ ਲਈ ਕੀਤਾ ਜਾਂਦਾ ਹੈ ਜਿਸ ਦੇ ਦੁਆਰਾ ਇਕ ਦੂਸਰੇ ਤੋਂ ਭਿੰਨ ਸੰਸਕ੍ਰਿਤਕ ਸਮੂੰਹ ਹੌਲੀ ਹੌਲੀ ਆਪਣੀ

ਸੰਸਕ੍ਰਿਤਿਕ ਭਿੰਨਤਾਵਾਂ ਨੂੰ ਇੰਨਾਂ ਸਮਾਪਤ ਕਰ ਦਿੰਦੇ ਹਨ ਕਿ ਉਹ ਭਿੰਨਤਾਵਾਂ ਸਮਾਜਕ ਦ੍ਰਿਸ਼ਟੀ ਤੋਂ ਮਹੱਤਵਪੂਰਣ ਅਤੇ ਧਿਆਨਯੋਗ ਨਹੀਂ ਸਮਝੀਆਂ ਜਾਂਦੀਆਂ।

**ਪਾਰਕ ਅਤੇ ਬਰਗਸ** ਦੇ ਸ਼ਬਦਾਂ ਵਿਚ, ''ਸਮੀਕਰਣ ਰਲ-ਗੱਡ ਹੋ ਜਾਣ ਜਾਂ ਘੁਲ-ਮਿਲ ਜਾਣ ਦੀ ਉਹ ਪ੍ਰਕ੍ਰਿਆ ਹੈ ਜਿਸ ਵਿਚ ਕੋਈ ਵਿਅਕਤੀ ਜਾਂ ਸਮੂੰਹ ਦੋਹਾਂ ਵਿਅਕਤੀਆਂ ਜਾਂ ਸਮੂੰਹਾਂ ਦੀਆਂ ਯਾਦਾਂ, ਭਾਵਨਾਵਾਂ ਅਤੇ ਮਨੋਵਿਰਤੀਆਂ ਗ੍ਰਹਿਣ ਕਰ ਲੈਂਦੇ ਹਨ ਅਤੇ ਉਨ੍ਹਾਂ ਦੇ ਅਨੁਭਵਾਂ ਅਤੇ ਇਤਿਹਾਸ ਵਿਚ ਸਹਿਭਾਗੀ ਹੋ ਜਾਣ ਦੇ ਫਲਸਰੂਪ ਉਨ੍ਹਾਂ ਦੇ ਸੰਸਕ੍ਰਿਤਿਕ ਜੀਵਨ ਵਿਚ ਏਕੀਕ੍ਰਿਤ ਹੋ ਜਾਂਦੇ ਹਨ।''

**ਬੋਗਾਰਡਸ** ਅਨੁਸਾਰ, ''ਸਮੀਕਰਣ ਉਹ ਪ੍ਰਕ੍ਰਿਆ ਹੈ ਜਿਸ ਨਾਲ ਅਨੇਕ ਵਿਅਕਤੀਆਂ ਦੇ ਦ੍ਰਿਸ਼ਟੀਕੋਣ ਰਲ-ਮਿਲ ਜਾਂਦੇ ਹਨ ਅਤੇ ਨਤੀਜੇ ਵਜੋਂ ਇਕ ਸੰਯੁਕਤ ਸਮੂੰਹ ਵਿਚ ਵਿਕਸਿਤ ਹੋ ਜਾਂਦੇ ਹਨ।

ਉਪਰੋਕਤ ਦਿੱਤੀਆਂ ਪਰਿਭਾਸ਼ਾਵਾਂ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਸਮੀਕਰਣ ਉਦੋਂ ਵਾਪਰਦਾ ਹੈ ਜਦੋਂ ਵਿਅਕਤੀ ਲੰਬੇ ਸਮੇਂ ਤੱਕ ਇਕ ਦੂਜੇ ਦੇ ਸੰਪਰਕ ਵਿਚ ਰਹਿੰਦੇ ਹਨ ਅਤੇ ਇਕ ਦੂਜੇ ਦੇ ਰੀਤੀ ਰਿਵਾਜਾਂ, ਪਰੰਪਰਾਵਾਂ, ਆਦਰਸ਼ਾਂ, ਕਦਰਾਂ ਕੀਮਤਾਂ, ਵਿਚਾਰਾਂ, ਰਹਿਣ-ਸਹਿਣ ਦੇ ਤੌਰ ਤਰੀਕਿਆਂ ਨੂੰ ਅਪਣਾ ਲੈਂਦੇ ਹਨ।

### 1.5.3.2 ਸਮੀਕਰਣ ਦੀਆਂ ਵਿਸ਼ੇਸ਼ਤਾਵਾਂ :

ਉਪਰੋਕਤ ਅਧਿਐਨ ਤੋਂ ਸਮੀਕਰਣ ਦੀਆਂ ਕੁਝ ਵਿਸ਼ੇਸ਼ਤਾਈਆਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਉਹ ਹਨ :

(ੳ) ਸਮੀਕਰਣ ਇਕ ਸਮਾਜਿਕ ਪ੍ਰਕ੍ਰਿਆ ਹੈ ਕਿਉਂਕਿ ਇਸ ਵਿਚ ਦੋ ਵਿਅਕਤੀਆਂ ਜਾਂ ਸਮੂੰਹਾਂ ਦੇ ਵਿਚਾਰਾਂ, ਦ੍ਰਿਸ਼ਟੀਕੋਣਾਂ, ਉਦੇਸ਼ਾਂ ਅਤੇ ਮਨੋਬਿਰਤੀਆਂ ਵਿਚ ਸਮਾਨਤਾ ਆ ਜਾਂਦੀ ਹੈ। ਇਹ ਸਭਿਆਚਾਰਕ ਰੂਪ ਵਿਚ ਇਕ ਦੂਜੇ ਨਾਲ ਘੁਲ ਮਿਲ ਜਾਂਦੇ ਹਨ।

(ਅ) ਸਮੀਕਰਣ ਦੀ ਪ੍ਰਕ੍ਰਿਆ ਹੌਲੀ ਹੌਲੀ ਹੁੰਦੀ ਹੈ। ਜਦੋਂ ਵਿਅਕਤੀ ਜਾਂ ਸਮੂੰਹ ਲੰਮੇ ਸਮੇਂ ਤੱਕ ਇੱਕ ਦੂਜੇ ਦੇ ਸੰਪਰਕ ਵਿਚ ਰਹਿੰਦੇ ਹਨ ਤਾਂ ਉਹ ਇਕ ਦੂਜੇ ਨਾਲ ਅੰਤਰਕ੍ਰਿਆ ਕਰਦੇ ਹੋਏ ਇਕ ਦੂਜੇ ਦੇ ਸਭਿਆਚਾਰ ਨੂੰ ਆਪਣੇ ਵਿੱਚ ਹੌਲੀ ਹੌਲੀ ਸਮਾ ਲੈਂਦੇ ਹਨ।

(ੲ) ਸਮੀਕਰਣ ਦੀ ਪ੍ਰਕ੍ਰਿਆ ਅੰਦਰੂਨੀ ਹੁੰਦੀ ਹੈ ਜਿਸ ਦਾ ਉਦੇਸ਼ ਇਕ ਸਥਾਈ ਸੰਤੁਲਨ ਦਾ ਨਿਰਮਾਣ ਕਰਨਾ ਹੁੰਦਾ ਹੈ। ਇਹ ਸਮਾਜ ਦੇ ਅਸਥਿਰ ਸੰਤੁਲਨ ਨੂੰ ਸਥਿਰ ਸੰਤੁਲਨ ਵਿਚ ਬਦਲਣ ਦੀ ਪ੍ਰਕ੍ਰਿਆ ਹੈ।

(ਸ) ਸਮੀਕਰਣ ਦੀ ਪ੍ਰਕ੍ਰਿਆ ਕੇਵਲ ਸਭਿਆਚਾਰ, ਸਮਾਜਿਕ ਜਾਂ ਮਾਨਸਿਕ ਪੱਖਾਂ ਨਾਲ ਹੀ ਸੰਬੰਧਿਤ ਨਹੀਂ ਹੁੰਦੀ ਬਲਕਿ ਜੀਵਨ ਦੇ ਸਾਰੇ ਪਹਿਲੂਆਂ ਤੇ ਇਸਦਾ ਅਸਰ ਹੁੰਦਾ ਹੈ।

(ਹ) ਸਮੀਕਰਣ ਦੀ ਪ੍ਰਕ੍ਰਿਆ ਨੂੰ ਜਾਣਬੁੱਝ ਕੇ ਵਿਕਸਿਤ ਨਹੀਂ ਕੀਤਾ ਜਾਂਦਾ ਬਲਕਿ ਇਹ ਆਪਣੇ ਆਪ ਵਿਕਸਿਤ ਹੁੰਦਾ ਹੈ। ਇਸ ਤੋਂ ਭਾਵ ਹੈ ਕਿ ਇਹ ਅਚੇਤਨ ਪ੍ਰਕ੍ਰਿਆ ਹੈ।

(ਕ) ਸਮੀਕਰਣ ਦੀ ਪ੍ਰਕ੍ਰਿਆ ਏਕੀਕਰਣ ਨੂੰ ਵਧਾਵਾ ਦਿੰਦੀ ਹੈ ਅਤੇ ਇਸ ਨੂੰ ਅਸੀਂ ਸੰਗਠਨਕਾਰੀ ਪ੍ਰਕਿਆ ਵੀ ਕਹਿ ਸਕਦੇ ਹਾਂ। ਕਿਉਂਕਿ ਇਹ ਵਿਅਕਤੀਆਂ ਜਾਂ ਸਮੂੰਹਾਂ ਨੂੰ ਇਕ ਦੂਜੇ ਦੇ ਨੇੜੇ ਲੈਕੇ ਆਉਂਦੀ ਹੈ ਭਾਵ ਉਹਨਾਂ ਨੂੰ ਸੰਗਠਿਤ ਕਰਦੀ ਹੈ।

(ਖ) ਸਮੀਕਰਣ ਦੀ ਪ੍ਰਕ੍ਰਿਆ ਦੇ ਅੰਤਰਗਤ ਵਿਅਕਤੀਵਾਦੀ ਵਿਚਾਰਧਾਰਾਵਾਂ ਸਮੂਹਿਕ ਵਿਚਾਰਾਂ ਅਤੇ ਭਾਵਨਾਵਾਂ ਵਿਚ ਤਬਦੀਲ ਹੋ ਜਾਂਦੀਆਂ ਹਨ।

**ਆਪਣਾ ਗਿਆਨ ਪਰਖੋ :**

(ੳ) ਸਮਾਯੋਜਨ ਤੋਂ ਤੁਹਾਡਾ ਕੀ ਭਾਵ ਹੈ?

..........................................................................................................

..........................................................................................................

..........................................................................................................

(ਅ) ਸਮਾਯੋਜਨ ਦੇ ਕੋਈ ਤਿੰਨ ਢੰਗ ਦੱਸੋ।

.............................................................................................................

.............................................................................................................

.............................................................................................................

(ੲ) ਸਮੀਕਰਨ ਨੂੰ ਪਰਿਭਾਸ਼ਤ ਕਰੋ।

.............................................................................................................

.............................................................................................................

.............................................................................................................

**1.5.3.3 ਸਮੀਕਰਣ ਲਈ ਸਹਾਇਕ ਕਾਰਕ :**

ਸਮੀਕਰਣ ਦੀ ਪ੍ਰਕ੍ਰਿਆ ਨੂੰ ਉਤਸਾਹਿਤ ਕਰਨ ਵਾਲੇ ਬਹੁਤ ਸਾਰੇ ਕਾਰਕ ਹਨ ਜਿਹਨਾਂ ਤੋਂ ਇਹ ਪ੍ਰਕ੍ਰਿਆ ਪ੍ਰਭਾਵਿਤ ਹੁੰਦੀ ਹੈ। ਇਥੇ ਅਸੀਂ ਗਿਲਨ ਐਂਡ ਗਿਲਨ ਦੁਆਰਾ ਦਿੱਤੇ ਪ੍ਰਮੁੱਖ ਕਾਰਕਾਂ ਦੀ ਚਰਚਾ ਕਰਾਂਗੇ।

(ੳ) **ਸਹਿਨਸ਼ੀਲਤਾ** : ਸਮੀਕਰਣ ਦੀ ਪ੍ਰਕ੍ਰਿਆ ਨੂੰ ਵਧਾਵਾ ਦੇਣ ਵਿਚ ਸਹਿਨਸ਼ੀਲਤਾ ਬਹੁਤ ਵੱਡੀ ਭੂਮਿਕਾ ਅਦਾ ਕਰਦੀ ਹੈ ਕਿਉਂਕਿ ਜੇਕਰ ਵਿਅਕਤੀਆਂ ਵਿਚ ਸਹਿਨਸ਼ੀਲਤਾ ਹੀ ਨਹੀਂ ਹੋਵੇਗੀ ਤਾਂ ਉਹ ਦੂਜਿਆਂ ਪ੍ਰਤੀ ਹਮਦਰਦੀ ਦਾ ਰਵੱਈਆ ਨਹੀਂ ਅਪਣਾਉਣਗੇ ਅਤੇ ਨਾ ਹੀ ਉਹਨਾਂ ਦੀਆਂ ਸਭਿਆਚਾਰਕ ਕਦਰਾਂ ਕੀਮਤਾਂ, ਆਦਰਸ਼ਾਂ, ਵਿਚਾਰਾਂ ਨੂੰ ਅਪਨਾਉਣਗੇ।

(ਅ) **ਬਰਾਬਰ ਆਰਥਕ ਅਵਸਰ** : ਬਰਾਬਰ ਦੀਆਂ ਆਰਥਿਕ ਹਾਲਤਾਂ ਵਿਚ ਸਮੀਕਰਣ ਦੀ ਪ੍ਰਕ੍ਰਿਆ ਤੇਜ਼ੀ ਨਾਲ ਹੁੰਦੀ ਹੈ ਕਿਉਂਕਿ ਇਕੋ ਜਿਹੇ ਆਰਥਿਕ ਅਵਸਰਾਂ ਵਿਚ ਰਹਿਣ ਸਹਿਣ ਦਾ ਪੱਧਰ ਇਕੋ ਜਿਹਾ ਹੁੰਦਾ ਹੈ ਅਤੇ ਇਹਨਾਂ ਦੀਆਂ ਸਮੱਸਿਆਵਾਂ ਵੀ ਇਕੋ ਜਿਹੀਆਂ ਹੁੰਦੀਆਂ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਮੀਕਰਣ ਦੀ ਪ੍ਰਕ੍ਰਿਆ ਦੇ ਵਿਕਸਤ ਹੋਣ ਲਈ ਬਰਾਬਰ ਆਰਥਕ ਅਵਸਰ ਦਾ ਹੋਣਾ ਜ਼ਰੂਰੀ ਹੈ। ਬਹੁਤ ਅਮੀਰ ਅਤੇ ਬਹੁਤ ਗਰੀਬ ਵਿਅਕਤੀਆਂ ਵਿਚ ਸਮੀਕਰਣ ਦੀ ਪ੍ਰਕ੍ਰਿਆ ਨਹੀਂ ਹੋ ਸਕਦੀ।

(ੲ) **ਪ੍ਰਮੁੱਖ ਸਮੂੰਹ ਦਾ ਅਲਪਸੰਖਿਅਕ ਸਮੂਹ ਵਲ ਹਮਦਰਦੀ ਭਰਿਆ ਰਵੱਈਆ** : ਜਦੋਂ ਪ੍ਰਮੁੱਖ ਸਮੂੰਹ ਦੇ ਵਿਅਕਤੀ ਘਟ ਗਿਣਤੀ ਵਾਲੇ ਲੋਕਾਂ ਵੱਲ ਹਮਦਰਦੀ ਵਾਲਾ ਰਵੱਈਆ ਰਖਦੇ ਹਨ ਤਾਂ ਹੌਲੀ ਹੌਲੀ ਘੱਟ ਗਿਣਤੀ ਦ ਲੋਕ ਵੱਡੇ ਸਮੂੰਹ ਦੇ ਸਭਿਆਚਾਰ ਨੂੰ ਆਪਣੇ ਵਿਚ ਸਮਾਂ ਲੈਂਦੇ ਹਨ ਅਤੇ ਉਹ ਵੱਡੇ ਸਮੂੰਹ ਦਾ ਹੀ ਹਿੱਸਾ ਬਣ ਜਾਂਦੇ ਹਨ।

(ਸ) **ਪ੍ਰਮੁੱਖ ਸੰਸਕ੍ਰਿਤੀ ਜਾਂ ਸਭਿਆਚਾਰ ਦਾ ਪ੍ਰਕਾਸ਼ਨ ਜਾਂ ਫੈਲਾਅ** : ਹਮੇਸ਼ਾ ਹੀ ਘੱਟ ਗਿਣਤੀ ਵਾਲੇ ਲੋਕ ਬਹੁ ਗਿਣਤੀ ਵਾਲੇ ਲੋਕਾਂ ਦੇ ਸੰਪਰਕ ਵਿਚ ਜ਼ਿਆਦਾ ਆਉਂਦੇ ਹਨ ਅਤੇ ਉਹਨਾਂ ਦੀ ਆਪਸੀ ਅੰਤਰ ਕ੍ਰਿਆ ਹੁੰਦੀ ਹੈ। ਜਿਸ ਕਾਰਨ ਉਹ ਉਨ੍ਹਾਂ ਦੀ ਸੰਸਕ੍ਰਿਤੀ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ ਅਤੇ ਸਮੀਕਰਣ ਦੀ ਪ੍ਰਕ੍ਰਿਆ ਤੇਜ਼ੀ ਨਾਲ ਹੁੰਦੀ ਹੈ। ਇਸ ਤਰ੍ਹਾਂ ਪ੍ਰਮੁੱਖ ਸੰਸਕ੍ਰਿਤੀ ਦਾ ਫੈਲਾਅ ਹੋਰ ਹੁੰਦਾ ਰਹਿੰਦਾ ਹੈ।

(ਹ) **ਸੰਸਕ੍ਰਿਤਕ ਜਾਂ ਸਭਿਆਚਾਰਕ ਸਮਾਨਤਾਵਾਂ** : ਸਮੀਕਰਣ ਦੀ ਪ੍ਰਕ੍ਰਿਆ ਉਸ ਸਮੇਂ ਤੇਜ਼ੀ ਨਾਲ ਵਾਪਰਦੀ ਹੈ ਜਦੋਂ ਦੋ ਸੰਸਕ੍ਰਿਤੀਆਂ ਦੇ ਲੋਕਾਂ ਦੇ ਰੀਤੀ ਰਿਵਾਜਾਂ, ਪਰੰਪਰਾਵਾਂ, ਵਿਚਾਰਾਂ ਆਦਿ ਵਿਚ ਕਾਫ਼ੀ ਸਮਾਨਤਾ ਹੁੰਦੀ ਹੈ। ਉਹ ਇਕ ਦੂਜੇ ਦੇ ਨੇੜੇ ਹੁੰਦੇ ਹਨ ਅਤੇ ਇਕ ਦੂਜੇ ਨੂੰ ਸਮਝਣ ਲੱਗ ਜਾਂਦੇ ਹਨ ਤਾਂ ਉਹਨਾਂ ਵਿਚਕਾਰ ਅੰਤਰ ਹੌਲੀ ਹੌਲੀ ਖਤਮ ਹੋ ਜਾਂਦਾ ਹੈ ਅਤੇ ਉਹ ਇਕ ਮਿਕ ਹੋ ਜਾਂਦੇ ਹਨ।

(ਕ) **ਅੰਤਰ-ਵਿਆਹ** : ਸਮੀਕਰਣ ਦੀ ਪ੍ਰਕ੍ਰਿਆ ਨੂੰ ਤੇਜ਼ ਕਰਨ ਵਿਚ ਅੰਤਰ ਜਾਤੀ ਵਿਆਹਾਂ ਦੀ ਵੀ ਬਹੁਤ ਵੱਡੀ ਭੂਮਿਕਾ ਹੈ। ਜਦੋਂ ਦੋ ਵੱਖ-ਵੱਖ ਸੰਸਕ੍ਰਿਤੀਆਂ ਦੇ ਲੋਕ ਆਪਸ ਵਿਚ ਵਿਆਹ ਕਰਵਾ ਲੈਂਦੇ ਹਨ ਤਾਂ ਉਹ ਇਕ ਦੂਜੇ ਦੀ ਸੰਸਕ੍ਰਿਤੀ ਵਿਚ ਰਚ ਮਿਚ ਜਾਂਦੇ ਹਨ।

ਉਪਰੋਕਤ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਸਮੀਕਰਣ ਦੀ ਪ੍ਰਕ੍ਰਿਆ ਵਿਚ ਇਕ ਵਿਅਕਤੀ ਜਾਂ ਸਮੂੰਹ ਦੂਜੇ ਵਿਅਕਤੀ ਜਾਂ ਸਮੂੰਹ ਦੇ ਗੁਣਾਂ ਨੂੰ ਆਪਣੇ ਵਿਚ ਸਮੋ ਲੈਂਦੇ ਹਨ ਅਤੇ ਇਕ ਮਿਕ ਹੋ ਜਾਂਦੇ

ਹਨ ਅਤੇ ਉਪਰ ਦਿੱਤੇ ਕਾਰਕ ਇਸ ਪ੍ਰਕ੍ਰਿਆ ਨੂੰ ਤੇਜ ਕਰਨ ਲਈ ਸਹਾਈ ਹੁੰਦੇ ਹਨ। ਪ੍ਰੰਤੂ ਸਮਾਜ ਵਿਚ ਕੁਝ ਅਜਿਹੀਆਂ ਸਥਿਤੀਆਂ ਵੀ ਹੁੰਦੀਆਂ ਹਨ ਜੋ ਇਸ ਸਮੀਕਰਣ ਦੀ ਪ੍ਰਕ੍ਰਿਆ ਨੂੰ ਵਾਪਰਣ ਵਿਚ ਰੁਕਾਵਟ ਪੈਦਾ ਕਰਦੀਆਂ ਹਨ। ਇਹਨਾਂ ਦਾ ਵਰਨਣ ਇਸ ਪ੍ਰਕਾਰ ਹੈ।

### 1.5.3.4 ਸਮੀਕਰਣ ਵਿਚ ਰੁਕਾਵਟ ਪਾਉਣ ਵਾਲੇ ਕਾਰਕ :

ਜਿਵੇਂ ਕੁਝ ਕਾਰਕਾਂ ਦਾ ਉਪਰ ਜ਼ਿਕਰ ਕੀਤਾ ਗਿਆ ਹੈ ਜੋ ਸਮੀਕਰਣ ਦੀ ਪ੍ਰਕ੍ਰਿਆ ਨੂੰ ਤੇਜ਼ ਕਰਦੇ ਹਨ। ਦੂਜੇ ਪਾਸੇ ਅਜਿਹੇ ਕਾਰਕ ਵੀ ਹਨ ਜੋ ਸਮੀਕਰਣ ਦੀ ਪ੍ਰਕ੍ਰਿਆ ਵਿਚ ਰੋਕ ਬਣਦੇ ਹਨ। ਇਹ ਇਸ ਤਰ੍ਹਾਂ ਹਨ :-

**(i) ਜੀਵਨ ਦੀਆਂ ਪ੍ਰਿਥਕ ਹਾਲਤਾਂ** :

ਜੇ ਕਿਸੇ ਜਗ੍ਹਾ ਤੇ ਬਹੁ-ਗਿਣਤੀ ਵਿਚ ਲੋਕ ਆ ਕੇ ਵਸਣਾ ਸ਼ੁਰੂ ਕਰ ਦੇਣ ਤਾਂ ਉਹ ਪਹਿਲੇ ਵਸੇ ਲੋਕਾਂ ਦੀ ਸੰਸਕ੍ਰਿਤੀ ਜਾਂ ਕਦਰਾਂ ਕੀਮਤਾਂ ਨੂੰ ਅਪਣਾਉਣ ਦੀ ਬਜਾਏ ਆਪਣੀ ਸੰਸਕ੍ਰਿਤੀ ਜਾਂ ਕਦਰਾਂ ਕੀਮਤਾਂ ਨੂੰ ਵਧਾਉਣਾ ਸ਼ੁਰੂ ਕਰ ਦਿੰਦੇ ਹਨ।

**(ii) ਪ੍ਰਮੁੱਖ ਸਮੂੰਹ ਵੱਲੋਂ ਸ਼੍ਰੇਸ਼ਟਤਾ ਦਾ ਰਵੱਈਆ** :

ਜਦੋਂ ਬਹੁ-ਗਿਣਤੀ ਸਮੂਹ ਵਾਲੇ ਘੱਟ ਗਿਣਤੀ ਸਮੂਹ ਵਾਲੇ ਲੋਕਾਂ ਵੱਲ ਪੱਖਪਾਤੀ ਰਵੱਈਆ ਅਖ਼ਤਿਆਰ ਕਰ ਲੈਣ ਤਾਂ ਇਹ ਵੀ ਸਮੀਕਰਣ ਦੇ ਰਾਹ ਵਿਚ ਰੁਕਾਵਟ ਬਣਦਾ ਹੈ। ਜਿਵੇਂ ਪਾਕਿਸਤਾਨ ਵਿਚ ਮੁਸਲਮਾਨ ਕਮਿਊਨਿਟੀ ਵੱਲੋਂ ਕਾਦੀਆ ਫਿਰਕੇ ਨਾਲ ਵਿਤਕਰੇ ਵਾਲਾ ਸਲੂਕ ਆਦਿ।

**(iii) ਦੋ ਸਮੂਹਾਂ ਵਿਚ ਕਾਫ਼ੀ ਜ਼ਿਆਦਾ ਸੰਸਕ੍ਰਿਤਕ ਅਤੇ ਨਸਲੀ ਅੰਤਰ** :

ਜਿਵੇਂ ਅਫਰੀਕਾ ਦੇ ਨੀਗਰੋ ਅਤੇ ਅਮਰੀਕਾ ਜਾਂ ਬਰਤਾਨੀਆਂ ਦੀਆਂ ਗੋਰੀਆ ਨਸਲਾਂ ਵਿਚ ਸਮੀਕਰਣ ਹੋਣਾ ਬਹੁਤ ਮੁਸ਼ਕਿਲ ਹੈ।

**(iv) ਬਹੁ-ਸੰਖਿਅਕ ਸਮੂਹ ਵੱਲੋਂ ਅਲਪ-ਸੰਖਿਅਕ ਸਮੂਹ ਉਪਰ ਅਤਿਆਚਾਰ** :

ਜੇ ਕਿਸੇ ਜਗ੍ਹਾ ਤੇ ਰਹਿੰਦੇ ਬਹੁ-ਸੰਖਿਆ ਸਮੂੰਹ ਵਾਲੇ ਲੋਕ ਘੱਟ ਗਿਣਤੀ ਸਮੂੰਹ ਉਪਰ ਅਤਿਆਚਾਰ ਕਰਨ ਤਾਂ ਦੋਨਾਂ ਸਮੂੰਹਾਂ ਵਿਚ ਪਾੜਾ ਹੋਰ ਵੱਧ ਜਾਵੇਗਾ। ਜਿਸ ਦੇ ਸਿੱਟੇ ਵਜੋਂ ਉਹ (ਘੱਟ ਸੰਖਿਅਕ) ਆਪਣੀ ਸੰਸਕ੍ਰਿਤੀ ਅਤੇ ਕਦਰਾਂ-ਕੀਮਤਾਂ ਨੂੰ ਜਿਉਂਦਾ ਰੱਖਣ ਲਈ ਸੰਘਰਸ਼ ਕਰਨਗੇ।

### 1.6 ਸਾਰ :

ਇਸ ਪਾਠ ਵਿਚ ਅਸੀਂ ਏਕੀਕਰਣ ਕਰਨ ਵਾਲੀਆਂ ਸਮਾਜਕ ਪ੍ਰਕ੍ਰਿਆਵਾਂ ਜਿਵੇਂ ਸਹਿਯੋਗ ਸਮਾਯੋਜਨ ਅਤੇ ਸਮੀਕਰਣ ਦਾ ਵਿਸਥਾਰ ਵਿਚ ਜ਼ਿਕਰ ਕੀਤਾ ਹੈ। ਇਨ੍ਹਾਂ ਸੱਭ ਦੀਆਂ ਕਿਸਮਾਂ ਪ੍ਰਕ੍ਰਿਤੀ, ਵਿਸ਼ੇਸ਼ਤਾਈਆਂ ਅਤੇ ਢੰਗਾਂ ਆਦਿ ਦਾ ਜ਼ਿਕਰ ਕੀਤਾ ਗਿਆ ਹੈ। ਇਸ ਸਾਰੇ ਵਿਸ਼ਲੇਸ਼ਣ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਸਮਾਜ ਦੀ ਗਤੀਸ਼ੀਲਤਾ ਅਤੇ ਵਿਕਾਸ ਲਈ ਸਹਿਯੋਗ, ਸਮਾਯੋਜਨ ਅਤੇ ਸਮੀਕਰਣ ਦੀ ਬਹੁਤ ਵੱਡੀ ਭੂਮਿਕਾ ਹੈ। ਇਹਨਾਂ ਪ੍ਰਕ੍ਰਿਆਵਾਂ ਨਾਲ ਸਮਾਜ ਵਿਚੋਂ ਤਣਾਓ ਜਾਂ ਸੰਘਰਸ਼ ਨੂੰ ਟਾਲਿਆ ਹੀ ਨਹੀਂ ਜਾ ਸਕਦਾ ਸਗੋਂ ਸਮਾਜ ਨੂੰ ਵਿਕਾਸ ਦੀਆਂ ਲੀਹਾਂ ਤੇ ਚਲਾਇਆ ਜਾਂਦਾ ਹੈ।

### 1.7 ਮੁੱਖ ਸ਼ਬਦ :

**ਏਕੀਕਰਣ** : ਇਕਸੁਰਤਾ ਦੀ ਉਹ ਪ੍ਰਕ੍ਰਿਆ ਜਿਸ ਵਿੱਚ ਸਮਾਜ ਦੇ ਸਾਰੇ ਰਚਨਾਤਮਕ ਹਿੱਸੇ ਸਹੀ ਢੰਗ ਨਾਲ ਸੰਗਠਿਤ ਹੋਏ ਹੁੰਦੇ ਹਨ।

**ਸਹਿਯੋਗ** : ਕਿਸੇ ਖਾਸ ਤੇ ਸਾਂਝੇ ਉਦੇਸ਼ ਦੀ ਪੂਰਤੀ ਲਈ ਇਕੱਠੇ ਹੋ ਕੇ ਕੰਮ ਕਰਨਾ।

**ਸਮਾਯੋਜਨ** : ਬਦਲਦੀਆਂ ਹੋਈਆਂ ਹਾਲਤਾਂ ਮੁਤਾਬਿਕ ਅਨੁਕੂਲ ਰਾਹੀਂ ਆਪਣੇ ਆਪ ਨੂੰ ਢਾਲ ਲੈਣਾ।

**ਸਮੀਕਰਨ** : ਕਿਸੇ ਵਿਅਕਤੀ ਜਾਂ ਸਮੂੰਹ ਦੁਆਰਾ ਆਪਣੀ ਸੰਸਕ੍ਰਿਤੀ ਭੁੱਲ ਕੇ ਦੂਸਰੇ ਦੀ ਸੰਸਕ੍ਰਿਤੀ ਵਿੱਚ ਇਕ ਮਿਕ ਹੋ ਜਾਣ ਦੀ ਪ੍ਰਕ੍ਰਿਆ।

### 1.8 ਅਭਿਆਸ ਲਈ ਪ੍ਰਸ਼ਨ :

(ੳ) ਏਕੀਕਰਣ ਕਰਨ ਵਾਲੀਆਂ ਸਮਾਜਿਕ ਪ੍ਰਕ੍ਰਿਆਵਾਂ ਤੋਂ ਕੀ ਭਾਵ ਹੈ ? ਇਹ ਕਿਹੜੀਆਂ ਕਿਹੜੀਆਂ ਹਨ ਵਿਸਥਾਰ ਪੂਰਵਕ ਬਿਆਨ ਕਰੋ।

(ਅ) ਸਹਿਯੋਗ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੀਆਂ ਵਿਸ਼ੇਸਤਾਈਆਂ ਅਤੇ ਕਿਸਮਾਂ ਤੇ ਚਾਨਣਾ ਪਾਓ।

(ੲ) ਸਮਾਯੋਜਨ ਕਿਸ ਨੂੰ ਆਖਦੇ ਹਨ ? ਇਸ ਦੀ ਪ੍ਰਕ੍ਰਿਤੀ ਕਿਹੋ ਜਿਹੀ ਹੈ ? ਇਹ ਕਿੰਨੇ ਕਿਸਮ ਦਾ ਹੁੰਦਾ ਹੈ ਅਤੇ ਇਸ ਦੇ ਕਿਹੜੇ ਢੰਗ ਹਨ ਬਿਆਨ ਕਰੋ ?

(ਸ) ਸਮੀਕਰਣ ਕਿਸਨੂੰ ਆਖਦੇ ਹਨ ? ਇਸ ਦੇ ਸਹਾਇਕ ਅਤੇ ਰੁਕਾਵਟ ਪਾਉਣ ਵਾਲੇ ਕਾਰਕਾਂ ਤੇ ਰੋਸ਼ਨੀ ਪਾਓ।

**ਸੰਖੇਪ ਸਵਾਲ (ਬਿਆਨ ਕਰੋ)**

(ੳ) ਸਹਿਯੋਗ
(ਅ) ਸਮਾਯੋਜਨ
(ੲ) ਸਮੀਕਰਨ
(ਸ) ਪ੍ਰਾਥਮਿਕ ਸਹਿਯੋਗ
(ਹ) ਸਮਝੌਤਾ

**1.9 ਉਪਯੋਗੀ ਪੁਸਤਕਾਂ :**


1. Kingsley Davis : "Haman Society". The Macmillam Company.
2. Gisbert : "Fundamentals of Sociology". Orient Longmen.
3. Samuel Koening : "Sociology : An Introduction to the Science of Society", New York : Barnes and Noble.
4. Ogburn and Nimkoff : "A Handbook of Sociology", New Delhi Chand and Company Ltd.
5. Savinderjit Kaur : "Samaj Vigan De Mool Sankalp" Punjabi University, Patiala.
6. Shankar Rao C.N. : Sociology, S. Chand, Delhi.
7. http://en.wikipedia.org. : Wikipedia, the free encyclopedia.

ਪਾਠ ਨੰ. 1.2 ਲੇਖਿਕਾ : ਡਾ. ਹਰਿੰਦਰ ਕੌਰ

## ਸਮਾਜਿਕ ਪ੍ਰਕ੍ਰਿਆਵਾਂ (ਪ੍ਰਤਿਯੋਗਤਾ ਅਤੇ ਸੰਘਰਸ਼)
## Social Processes (Competition and Conflict)

ਬਣਤਰ

2.0 ਉਦੇਸ਼
2.1 ਜਾਣ ਪਛਾਣ
2.2 ਪ੍ਰਤੀਯੋਗਤਾ ਦਾ ਅਰਥ
  2.2.1 ਪ੍ਰਤੀਯੋਗਤਾ ਦੀਆਂ ਪਰਿਭਾਸ਼ਾਵਾਂ
  2.2.2 ਪ੍ਰਤੀਯੋਗਤਾ ਦੀਆਂ ਵਿਸ਼ੇਸ਼ਤਾਈਆਂ
  2.2.3 ਪ੍ਰਤੀਯੋਗਤਾ ਦੇ ਰੂਪ ਜਾਂ ਕਿਸਮਾਂ
    2.2.3.1 ਨਿੱਜੀ ਪ੍ਰਤੀਯੋਗਤਾ
    2.2.3.2 ਗੈਰ ਨਿੱਜੀ ਪ੍ਰਤੀਯੋਗਤਾ
    2.2.3.3 ਆਰਥਿਕ ਪ੍ਰਤੀਯੋਗਤਾ
    2.2.3.4 ਸਭਿਆਚਾਰਕ ਪ੍ਰਤੀਯੋਗਤਾ
    2.2.3.5 ਭੂਮਿਕਾ ਅਤੇ ਰੁੱਤਬੇ ਲਈ ਪ੍ਰਤੀਯੋਗਤਾ
    2.2.3.6 ਨਸਲੀ ਪ੍ਰਤੀਯੋਗਤਾ
  2.2.4 ਪ੍ਰਤੀਯੋਗਤਾ ਦਾ ਮਹੱਤਵ
2.3 ਸੰਘਰਸ਼
  2.3.1 ਸੰਘਰਸ਼ ਦੀਆਂ ਪਰਿਭਾਸ਼ਾਵਾਂ
  2.3.2 ਸੰਘਰਸ਼ ਦੀਆਂ ਵਿਸ਼ੇਸ਼ਤਾਈਆਂ
  2.3.3 ਸਿਮਲ ਅਨੁਸਾਰ ਸੰਘਰਸ਼ ਦੀਆਂ ਕਿਸਮਾਂ
    2.3.3.1 ਯੁੱਧ
    2.3.3.2 ਦੁਸ਼ਮਣੀ
    2.3.3.3 ਮੁਕੱਦਮੇਬਾਜ਼ੀ
    2.3.3.4 ਅਵਿਅਕਤਿਕ ਆਦਰਸ਼ਾਂ ਦਾ ਸੰਘਰਸ਼
  2.3.4 ਗਿਲਿਨ ਅਤੇ ਗਿਲਿਨ ਅਨੁਸਾਰ ਸੰਘਰਸ਼ ਦੀਆਂ ਕਿਸਮਾਂ
    2.3.4.1 ਨਸਲੀ ਸੰਘਰਸ਼
    2.3.4.2 ਜਮਾਤੀ ਜਾਂ ਸ਼੍ਰੇਣੀ ਸੰਘਰਸ਼
    2.3.4.3 ਰਾਜਨੈਤਿਕ ਸੰਘਰਸ਼
    2.3.4.4 ਅੰਤਰ ਰਾਸ਼ਟਰੀ ਸੰਘਰਸ਼
    2.3.4.5 ਨਿੱਜੀ ਜਾਂ ਵਿਅਕਤੀ ਸੰਘਰਸ਼
2.4 ਸੰਘਰਸ਼ ਅਤੇ ਪ੍ਰਤੀਯੋਗਤਾ ਵਿੱਚ ਅੰਤਰ
2.5 ਸਾਰ
2.6 ਮੁੱਖ ਸ਼ਬਦ
2.7 ਅਭਿਆਸ ਲਈ ਪ੍ਰਸ਼ਨ
2.8 ਉਪਯੋਗੀ ਪੁਸਤਕਾਂ

**2.0 ਉਦੇਸ਼ :**

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ

* ਅਸੰਗਠਿਤ ਕਰਨ ਵਾਲੀਆਂ ਪ੍ਰਕ੍ਰਿਆਵਾਂ ਨੂੰ ਬਿਆਨ ਕਰ ਸਕੋਂ।
* ਅਸੰਗਠਿਤ ਕਰਨ ਵਾਲੀਆਂ ਪ੍ਰਕ੍ਰਿਆਵਾਂ ਦੀਆਂ ਕਿਸਮਾਂ ਤੇ ਰੌਸ਼ਨੀ ਪਾ ਸਕੋਂ।
* ਪ੍ਰਤੀਯੋਗਤਾ ਨੂੰ ਪਰਿਭਾਸ਼ਤ ਕਰ ਸਕੋਂ ਅਤੇ ਇਸਦੀਆਂ ਵਿਸ਼ੇਸ਼ਤਾਈਆਂ ਅਤੇ ਕਿਸਮਾਂ ਤੇ ਰੌਸ਼ਨੀ ਪਾ ਸਕੋਂ।
* ਸੰਘਰਸ਼ ਦਾ ਅਰਥ ਸਮਝਾ ਸਕੋਂ ਅਤੇ ਇਸਦੀਆਂ ਵਿਸ਼ੇਸ਼ਤਾਈਆਂ ਅਤੇ ਕਿਸਮਾਂ ਦਾ ਵਰਣਨ ਕਰ ਸਕੋਂ।

**2.1 ਜਾਣ ਪਛਾਣ :**

ਸਮਾਜ ਦੇ ਵਿਕਾਸ ਲਈ ਜਿਥੇ ਏਕਾ ਜਾਂ ਸਮਝੌਤਾ ਜ਼ਰੂਰੀ ਹੈ। ਇਸੇ ਤਰ੍ਹਾਂ ਹੀ ਸਮਾਜ ਦਾ ਸੰਤੁਲਨ ਬਣਾਈ ਰੱਖਣ ਅਤੇ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਲਈ ਸਮਾਜ ਵਿਚ ਪ੍ਰਤੀਯੋਗਤਾ ਅਤੇ ਸੰਘਰਸ਼ ਵੀ ਓਨਾ ਹੀ ਜ਼ਰੂਰੀ ਹੈ। ਅਸਲ ਵਿਚ ਤਾਂ ਗੱਲ ਇਹ ਹੈ ਕਿ ਅਲੱਗ ਕਰਨ ਵਾਲੀਆਂ ਪ੍ਰਕ੍ਰਿਆਵਾਂ ਦੇ ਅਧਿਐਨ ਤੋਂ ਬਾਅਦ ਦੂਸਰੀਆਂ ਪ੍ਰਕ੍ਰਿਆਵਾਂ ਬਾਰੇ ਜਾਣਕਾਰੀ ਆਪਣੇ ਆਪ ਹੀ ਹੋ ਜਾਂਦੀ ਹੈ। ਇਸ ਲਈ ਇਸ ਪਾਠ ਵਿਚ ਅਸੀਂ ਉਨ੍ਹਾਂ ਪ੍ਰਕ੍ਰਿਆ ਦਾ ਜ਼ਿਕਰ ਕਰਾਂਗੇ ਜਿਨ੍ਹਾਂ ਨਾਲ ਸਮਾਜ ਵਰਗਾਂ ਵਿਚ ਵੰਡਿਆ ਜਾਂਦਾ ਹੈ ਅਤੇ ਸਮਾਜ ਵਿਚ ਸੰਘਰਸ਼ ਸ਼ੁਰੂ ਹੁੰਦਾ ਹੈ। ਇਨ੍ਹਾਂ ਵਿੱਚੋਂ ਪ੍ਰਮੁੱਖ ਹਨ : ਪ੍ਰਤੀਯੋਗਤਾ ਅਤੇ ਸੰਘਰਸ਼। ਜਿਨ੍ਹਾਂ ਦਾ ਅਸੀਂ ਵਾਰੋ ਵਾਰੀ ਜ਼ਿਕਰ ਕਰਾਂਗੇ।

**2.2 ਪ੍ਰਤੀਯੋਗਤਾ ਜਾਂ ਮੁਕਾਬਲਾ ਦਾ ਅਰਥ :**

ਇਹ ਅਸੰਗਠਿਤ ਜਾਂ ਅਲਹਿਦਾ ਕਰਨ ਦੀ ਪ੍ਰਕ੍ਰਿਆ ਉਦੋਂ ਵਾਪਰਦੀ ਹੈ ਜਦੋਂ ਕਿਸੇ ਚੀਜ਼ ਦੀ ਮੰਗ ਜ਼ਿਆਦਾ ਹੋਵੇ ਪਰ ਪੂਰਤੀ ਘੱਟ ਹੋਵੇ। ਦੂਸਰੇ ਸ਼ਬਦਾਂ ਵਿਚ ਇਕ ਵਸਤੂ ਬਾਜ਼ਾਰ ਵਿਚ ਆਉਂਦੀ ਹੈ। ਵਸਤੂ ਇਕ ਹੈ ਪਰ ਉਸ ਦੀ ਮੰਗ ਕਰਨ ਵਾਲੇ ਦਸ ਆਦਮੀ ਹਨ। ਫਿਰ ਉਹ ਦਸ ਆਦਮੀ ਉਹ ਵਸਤੂ ਨੂੰ ਪ੍ਰਾਪਤ ਕਰਨ ਲਈ ਤਰਲੋ ਮੱਛੀ ਹੋਣਗੇ ਜਦੋਂ ਕਿ ਉਹ ਪ੍ਰਾਪਤ ਸਿਰਫ ਇਕ ਆਦਮੀ ਨੂੰ ਹੀ ਹੋਵੇਗੀ। ਇਹ ਪ੍ਰਕ੍ਰਿਆ ਸਾਰੇ ਸਮਾਜਾਂ ਵਿਚ ਪਾਈ ਜਾਂਦੀ ਹੈ ਕਿਉਂਕਿ ਲੋੜੀਂਦੀਆਂ ਵਸਤਾਂ ਦੀ ਘਾਟ ਕਾਰਨ ਲੋਕਾਂ ਵਿਚ ਉਹਨਾਂ ਵਸਤਾਂ ਦੀ ਪ੍ਰਾਪਤੀ ਲਈ ਮੁਕਾਬਲਾ ਹੁੰਦਾ ਹੈ। ਇਸ ਕਰਕੇ ਵਸਤਾਂ ਦੀਆਂ ਕੀਮਤਾਂ ਦਿਨੋ ਦਿਨ ਅਸਮਾਨੀ ਚੜ੍ਹ ਰਹੀਆਂ ਹਨ।

**2.2.1 ਪ੍ਰਤੀਯੋਗਤਾ ਦੀਆਂ ਪਰਿਭਾਸ਼ਾਵਾਂ** : ਵੱਖ-ਵੱਖ ਸਮਾਜ ਵਿਗਿਆਨੀਆਂ ਨੇ ਪ੍ਰਤੀਯੋਗਤਾ ਜਾਂ ਮੁਕਾਬਲੇ ਨੂੰ ਵੱਖ-ਵੱਖ ਤਰੀਕਿਆਂ ਨਾਲ ਪਰਿਭਾਸ਼ਤ ਕੀਤਾ ਹੈ :

**ਮਜੂਮਦਾਰ ਅਨੁਸਾਰ,** ''ਪ੍ਰਤੀਯੋਗਤਾ ਬਰਾਬਰ ਦੇ ਜੀਵਾਂ ਵਿਚ ਅਜਿਹੀਆਂ ਵਸਤੂਆਂ ਤੇ ਸੇਵਾਵਾਂ ਨੂੰ ਪ੍ਰਾਪਤ ਕਰਨ ਲਈ ਵਿਅਕਤੀਗਤ ਸੰਘਰਸ਼ ਹੈ ਜਿਹਨਾਂ ਦੀ ਮਾਤਰਾ ਸੀਮਤ ਤੇ ਘੱਟ ਹੋਵੇ।

**ਬੀਸੰਜ ਲਿਖਦੇ ਹਨ ਕਿ,** ''ਪ੍ਰਤੀਯੋਗਤਾ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚ ਇਕ ਉਦੇਸ਼ ਲਈ ਸੰਘਰਸ਼ ਹੈ ਜਿਹੜਾ ਕਿ ਸੀਮਤ ਹੈ ਅਤੇ ਜਿਸ ਵਿਚ ਸਾਰੇ ਭਾਗੀਦਾਰ ਨਹੀਂ ਬਣ ਸਕਦੇ।''

**ਗਿਲਿਨ ਅਤੇ ਗਿਲਿਨ ਦੇ ਸ਼ਬਦਾਂ 'ਚ** ''ਪ੍ਰਤੀਯੋਗਤਾ ਉਹ ਸਮਾਜਕ ਪ੍ਰਕ੍ਰਿਆ ਹੈ ਜਿਸ ਵਿੱਚ ਪ੍ਰਤੀਯੋਗੀ, ਵਿਅਕਤੀ ਜਾਂ ਗਰੁੱਪ ਦੀ ਹਮਦਰਦੀ ਨਾਲ ਫਾਇਦਾ ਲੈਣਾ ਚਾਹੁੰਦੇ ਹਨ। ਆਪਣੇ ਉਦੇਸ਼ਾਂ ਦੀ ਪੂਰਤੀ ਲਈ ਹਿੰਸਾ ਜਾਂ ਧਮਕੀ ਦੇਣ ਦੀ ਥਾਂ ਉਨ੍ਹਾਂ ਵਿਅਕਤੀਆਂ ਜਾਂ ਪੱਖਪਾਤ ਗਰੁੱਪਾਂ ਦੇ ਹਿੱਤਾਂ ਨੂੰ ਅਪੀਲ ਕਰਦੇ ਹਨ।''

**ਫੇਅਰਚਾਈਲਡ ਅਨੁਸਾਰ,** ''ਪ੍ਰਤੀਯੋਗਤਾ ਸੀਮਤ ਵਸਤਾਂ ਦੇ ਉਪਭੋਗ ਜਾਂ ਅਧਿਕਾਰ ਲਈ ਕੀਤੇ ਜਾਣ ਵਾਲੇ ਯਤਨਾਂ ਨੂੰ ਕਹਿੰਦੇ ਹਨ।''

**ਵੁਡਵਰਡ ਅਤੇ ਮੈਕਸਵੈਲ ਦੇ ਅਨੁਸਾਰ,** ''ਪ੍ਰਤੀਯੋਗਤਾ ਮਨੁੱਖਾਂ ਅਤੇ ਸਮੂਹਾਂ ਵਿੱਚ ਉਨ੍ਹਾਂ ਸੰਤੁਸ਼ਟੀਆਂ ਜਿਨ੍ਹਾਂ ਨੂੰ ਸੀਮਤ ਹੋਣ ਦੇ ਕਾਰਣ ਸਾਰੇ ਪ੍ਰਾਪਤ ਨਹੀਂ ਕਰ ਸਕਦੇ, ਦੀ ਪ੍ਰਾਪਤੀ ਲਈ ਅਵਿਅਕਤ, ਅਚੇਤ ਅਤੇ ਨਿਰੰਤਰ ਘੋਲ ਹੈ।''

**ਪਾਰਕ ਅਤੇ ਬਰਗਸ ਅਨੁਸਾਰ,** ''ਪ੍ਰਤਿਯੋਗਤਾ ਸਮਾਜਕ ਇਕਰਾਰਨਾਮੇ (Social Contract) ਤੋਂ ਬਿਨਾਂ ਪਰਸਪਰ ਕ੍ਰਿਆ ਹੁੰਦੀ ਹੈ।'' ਦੂਸਰੇ ਸ਼ਬਦਾਂ ਵਿਚ ਇਹ ਅੰਤਰ-ਵਿਅਕਤੀ ਸੰਘਰਸ਼ ਹੁੰਦਾ ਹੈ ਜਿਹੜਾ

ਅਵਿਅਕਤਿਕ ਹੁੰਦਾ ਹੈ। ਇਹ ਸਰਵ-ਵਿਆਪਕ, ਲਗਾਤਾਰ ਚਲਣ ਵਾਲੀ, ਅਹਿੰਸਾ ਦੇ ਕਾਨੂੰਨਾਂ ਨੂੰ ਮੰਨਣ ਵਾਲੀ ਪ੍ਰਕ੍ਰਿਆ ਉਸ ਸਮੇਂ ਵਾਪਰਦੀ ਹੈ ਜਦੋਂ ਇਸ ਦੇ ਭਾਗੀਦਾਰ ਇਸ ਬਾਰੇ ਸੁਚੇਤ ਨਹੀਂ ਹੁੰਦੇ।

ਇਹ ਮੁਕਾਬਲਾ ਸਿਰਫ ਮਨੁੱਖੀ ਸਮਾਜਾਂ ਵਿਚ ਹੀ ਨਹੀਂ ਸਗੋਂ ਪਸ਼ੂਆਂ ਵਿਚ ਵੀ ਵੇਖਣ ਨੂੰ ਮਿਲਦਾ ਹੈ। ਮਨੁੱਖੀ ਸਮਾਜ ਤਾਂ ਹੈ ਹੀ ਪ੍ਰਤਿਯੋਗਤਾ ਉਪਰ ਨਿਰਭਰ। ਉਹ ਆਪਣੀ ਹਰੇਕ ਕ੍ਰਿਆ ਹੀ ਪ੍ਰਤਿਯੋਗਤਾ ਰਾਹੀਂ ਕਰਦਾ ਹੈ।

### 2.2.2 ਪ੍ਰਤੀਯੋਗਤਾ ਦੀਆਂ ਵਿਸ਼ੇਸ਼ਤਾਈਆਂ :

ਉਪਰੋਕਤ ਪਰਿਭਾਸ਼ਾਵਾਂ ਤੋਂ ਪ੍ਰਤੀਯੋਗਤਾ ਜਾਂ ਮੁਕਾਬਲੇ ਦੀਆਂ ਕੁਝ ਕੁ ਵਿਸ਼ੇਸ਼ਤਾਈਆਂ ਉੱਭਰ ਕੇ ਸਾਹਮਣੇ ਆਈਆਂ ਹਨ ਜੋ ਹੇਠ ਲਿਖੇ ਅਨੁਸਾਰ ਹਨ:

**(i) ਸਰਵ ਵਿਆਪਕ (Universal) :**

ਪ੍ਰਤਿਯੋਗਤਾ ਹਰ ਸਮਾਜ ਵਿਚ ਪਾਈ ਜਾਂਦੀ ਹੈ। ਕਿਉਂਕਿ ਲੋਕਾਂ ਦੀ ਮੰਗ ਲੋੜੀਂਦੀਆਂ ਚੀਜ਼ਾਂ ਲਈ ਵੱਧ ਰਹੀ ਹੈ ਅਤੇ ਲੋੜੀਂਦੀਆਂ ਚੀਜ਼ਾਂ ਦੀ ਘਾਟ ਹੁੰਦੀ ਹੈ। ਮਨੁੱਖੀ ਸਮਾਜ ਤੋਂ ਇਲਾਵਾ ਜੀਵ-ਜੰਤੂਆਂ ਦੇ ਸਮਾਜ ਵਿਚ ਵੀ ਇਹ ਪ੍ਰਕ੍ਰਿਆ ਪਾਈ ਜਾਂਦੀ ਹੈ। ਅਸਲ ਵਿਚ ਪ੍ਰਤੀਯੋਗਤਾ ਕੋਈ ਜਮਾਂਦਰੂ ਪ੍ਰਵ੍ਰਿਤੀ ਨਹੀਂ ਬਲਕਿ ਇਹ ਤਾਂ ਇੱਕ ਸਮਾਜਿਕ ਪਰਪੰਚ ਹੈ ਜੋ ਕਿ ਸਿਰਫ ਉਦੋਂ ਹੀ ਉਪਜਦਾ ਹੈ ਜਦੋਂ ਲੋੜੀਂਦੀਆਂ ਵਸਤਾਂ ਦੀ ਕਮੀ ਹੋਵੇ। ਹਰੇਕ ਸਮਾਜ ਵਿਚ ਪ੍ਰਤੀਯੋਗਤਾ ਦਾ ਦਰਜਾ ਵੱਖਰਾ ਹੁੰਦਾ ਹੈ। ਪਰ ਇਹ ਗੱਲ ਲਾਜ਼ਮੀ ਹੈ ਕਿ ਹਰੇਕ ਸਮਾਜ ਵਿਚ ਹਰੇਕ ਯੁੱਗ ਵਿਚ ਪ੍ਰਤੀਯੋਗਤਾ ਦਾ ਹੋਣਾ ਲਾਜ਼ਮੀ ਹੈ। ਇਹ ਸਾਰੇ ਸਮੂੰਹਾਂ ਵਿਚ ਮਿਲਦੀ ਹੈ ਕਿਉਂਕਿ ਹਰੇਕ ਵਿਅਕਤੀ ਲੋੜੀਂਦੀਆਂ ਵਸਤਾਂ ਨੂੰ ਹਾਸਿਲ ਕਰਨਾ ਚਾਹੁੰਦਾ ਹੈ।

**(ii) ਨਿਰੰਤਰਤਾ :**

ਮਨੁੱਖੀ ਮਨ ਅਜਿਹਾ ਹੈ ਜੋ ਇੱਛਾ ਕਰਨੀ ਬੰਦ ਨਹੀਂ ਕਰਦਾ। ਜਦੋਂ ਇਸ ਦੀ ਇਕ ਇੱਛਾ ਪੂਰੀ ਹੁੰਦੀ ਹੈ, ਨਾਲ ਹੀ ਇਹ ਦੂਸਰੀ ਇੱਛਾ ਜ਼ਾਹਿਰ ਕਰ ਦਿੰਦਾ ਹੈ। ਜੇ ਕੋਈ ਵਿਅਕਤੀ ਨੌਕਰੀ ਤੇ ਲੱਗਣ ਲਈ ਬੇਚੈਨ ਹੋ ਰਿਹਾ ਹੋਵੇ ਤੇ ਉਹ ਚਪੜਾਸੀ ਲੱਗ ਜਾਵੇ ਤਾਂ ਉਸ ਦੀ ਬੇਚੈਨੀ ਬੰਦ ਨਹੀਂ ਹੋ ਜਾਂਦੀ ਫੇਰ ਉਹ ਕਲਰਕ ਬਣਨਾ ਚਾਹੇਗਾ। ਕਲਰਕ ਬਣ ਕੇ ਉਹ ਸੁਪਰਡੈਂਟ ਬਣਨ ਦੀ ਇੱਛਾ ਕਰਨੀ ਸ਼ੁਰੂ ਕਰ ਦਿੰਦਾ ਹੈ। ਜੇ ਲੱਖ ਆ ਜਾਵੇ ਤਾਂ ਦੱਸ ਲੱਖ ਪ੍ਰਾਪਤ ਕਰਨਾ ਚਾਹੇਗਾ। ਅਸੀਂ ਜਿੰਨਾਂ ਚਿਰ ਮਨ ਦੀਆਂ ਇੱਛਾਵਾਂ ਤੇ ਕਾਬੂ ਨਹੀ ਪਾਉਦੇ ਤਾਂ ਇਹ ਪ੍ਰਕ੍ਰਿਆ ਨਿਰੰਤਰ ਚਲਦੀ ਰਹਿੰਦੀ ਹੈ।

**(iii) ਹਿੰਸਾ ਤੋਂ ਮੁਕਤ :**

ਪ੍ਰਤਿਯੋਗਤਾ ਵਿਚ ਅਹਿੰਸਾਤਮਕ ਤਰੀਕੇ ਵਰਤੇ ਜਾਂਦੇ ਹਨ। ਹਿੰਸਾ ਦੀ ਇਸ ਵਿਚ ਕੋਈ ਥਾਂ ਨਹੀਂ ਹੁੰਦੀ। ਹਿੰਸਾ ਤਾਂ ਉਸ ਸਮੇਂ ਹੁੰਦੀ ਹੈ ਜਦੋਂ ਲੋਕ ਸੰਘਰਸ਼ ਵਿੱਚ ਪੈਂਦੇ ਹਨ। ਕਿਉਂਕਿ ਪ੍ਰਤਿਯੋਗਤਾ ਹਮੇਸ਼ਾ ਨਿਯਮਾਂ ਤੇ ਆਧਾਰਿਤ ਹੁੰਦੀ ਹੈ ਜਿਸ ਵਿਚ ਵਿਅਕਤੀ ਆਪਣੀ ਮਨਮਰਜੀ ਨਹੀਂ ਕਰ ਸਕਦੇ। ਜੇਕਰ ਉਹ ਨਿਯਮਾਂ ਦੀ ਉਲੰਘਣਾ ਕਰਦੇ ਹਨ ਤਾਂ ਮੁਕਾਬਲੇ ਤੋਂ ਬਾਹਰ ਹੋ ਜਾਂਦੇ ਹਨ। ਜੇਕਰ ਨਿਯਮਾਂ ਦਾ ਗਲਤ ਪ੍ਰਯੋਗ ਕਰਦੇ ਹਨ ਤਾਂ ਸੰਘਰਸ਼ ਸ਼ੁਰੂ ਹੋ ਜਾਂਦਾ ਹੈ। ਇਸ ਲਈ ਉਹਨਾਂ ਨੂੰ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ।

**(iv) ਅਚਨਚੇਤ ਜਾਂ ਅਚੇਤਨ :**

ਪ੍ਰਤਿਯੋਗਤਾ ਵਿਚ ਲੋਕ ਸੋਚੇ ਸਮਝੇ ਢੰਗਾਂ ਨਾਲ ਨਹੀਂ ਪੈਂਦੇ। ਜ਼ਿੰਦਗੀ ਵਿਚ ਜ਼ਰੂਰਤਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਉਨ੍ਹਾਂ ਜ਼ਰੂਰਤਾਂ ਦੀ ਪੂਰਤੀ ਲਈ ਵਸਤਾਂ ਦੀ ਘਾਟ ਹੁੰਦੀ ਹੈ ਜਿਸ ਲਈ ਉਹਨਾਂ ਜ਼ਰੂਰੀ ਵਸਤਾਂ ਨਾਲ ਸੰਬੰਧਤ ਲੋਕ ਇਸ ਪ੍ਰਕ੍ਰਿਆ ਵਿਚ ਆਪਣੇ ਆਪ ਆ ਜਾਂਦੇ ਹਨ। ਉਦਾਹਰਣ ਵਜੋਂ ਜੇ ਕਿਸਾਨ ਦੀ ਫਸਲ ਠੀਕ ਠਾਕ ਹੋਵੇ ਪਰ ਅਚਾਨਕ ਉਸ ਉਤੇ ਕਿਸੇ ਬਿਮਾਰੀ ਦਾ ਹੱਲਾ ਹੋ ਜਾਵੇ। ਉਸ ਬੀਮਾਰੀ ਦੀ ਰੋਕਥਾਮ ਲਈ ਦਵਾਈ ਦੀ ਬਜ਼ਾਰ ਵਿਚ ਘਾਟ ਹੋਵੇ ਤਾਂ ਉਸ ਦੀ ਪ੍ਰਾਪਤੀ ਲਈ ਕਿਸਾਨ ਯਤਨ ਕਰਦੇ ਹਨ। ਪਰ ਉਹ ਇਹ ਨਹੀਂ ਜਾਣਦੇ ਕਿ ਉਨ੍ਹਾਂ ਦੀ ਪ੍ਰਤਿਯੋਗਤਾ ਕਿਸ ਨਾਲ ਹੈ, ਇਹ ਸੋਚੀ ਸਮਝੀ ਗੱਲ ਨਹੀਂ ਹੁੰਦੀ।

ਜਿਵੇਂ ਪੀ.ਐਮ.ਟੀ. ਦਾ ਟੈਸਟ ਹੁੰਦਾ ਹੈ। ਉਸ ਵਿੱਚ 10000 ਵਿਦਿਆਰਥੀ ਇਮਤਿਹਾਨ ਦੇ ਰਿਹਾ ਹੈ ਜਿਸ ਵਿਚੋਂ 700 ਵਿਦਿਆਰਥੀ ਰੱਖੇ ਜਾਣਗੇ। ਪਰ ਉਹ ਸਾਰੇ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਚੁੱਪ ਚਾਪ ਯਤਨ ਕਰਦੇ ਹਨ ਜਿਸ ਵਿਚ ਉਹਨਾਂ ਨੂੰ ਨਹੀਂ ਪਤਾ ਕਿ ਉਹਨਾਂ ਦੀ ਪ੍ਰਤਿਯੋਗਤਾ ਕਿਸ ਨਾਲ ਹੈ।

**(v) ਅਵਿਅਕਤਕ ਪ੍ਰਕ੍ਰਿਆ :**

ਪ੍ਰਤਿਯੋਗਤਾ ਪ੍ਰਕ੍ਰਿਆ ਵਿਚ ਭਾਗ ਲੈਣ ਵਾਲੇ ਇਕ ਦੂਜੇ ਨੂੰ ਨਹੀਂ ਜਾਣਦੇ ਹੁੰਦੇ ਸਗੋਂ ਉਹ ਤਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਸਾਰੇ ਯਤਨਸ਼ੀਲ ਹੁੰਦੇ ਹਨ। ਨਾ ਹੀ ਉਹਨਾਂ ਦੀ ਦੂਸਰਿਆਂ ਨੂੰ ਜਾਨਣ ਦੀ ਕੋਈ ਚੇਸ਼ਟਾ ਹੁੰਦੀ ਹੈ। ਹੋਰ ਭਾਗ ਲੈਣ ਵਾਲੇ ਵਿਅਕਤੀਆਂ ਬਾਰੇ ਬਿਨਾਂ ਪਤਾ ਲਗਾਏ ਉਹ ਆਪਣੇ ਉਦੇ ਸ਼ਾਂ ਦੀ ਪ੍ਰਾਪਤੀ ਲਈ ਮਿਹਨਤ ਕਰਦੇ ਹਨ। ਪ੍ਰੰਤੂ ਗਿਲਨ ਅਤੇ ਗਿਲਨ ਦਾ ਇਹ ਵੀ ਮੰਨਣਾ ਹੈ ਕਿ ਹਰੇਕ ਪ੍ਰਤਿਯੋਗਤਾ ਜਾਂ ਮੁਕਾਬਲਾ ਅਚੇਤਨ ਅਤੇ ਅਵਿਅਕਤਕ ਨਹੀਂ ਹੁੰਦਾ। ਜਿਵੇਂ ਕਿਸੇ ਇਕ ਕੰਪਨੀ ਦੇ ਟੀ.ਵੀ. ਬਣਾਉਣ ਵਾਲੇ ਦੂਸਰੀ ਕੰਪਨੀ ਦੇ ਟੀ.ਵੀ. ਵਾਰੇ ਚੇਤੰਨ ਹੁੰਦੇ ਹਨ ਪਰ ਫਿਰ ਵੀ ਉਹਨਾਂ ਵਿੱਚ ਪ੍ਰਤਿਯੋਗਤਾ ਹੁੰਦੀ ਹੈ। ਇਸ ਲਈ ਕੁਝ ਕੁ ਹਾਲਤਾਂ ਵਿਚ ਪ੍ਰਤਿਯੋਗਤਾ ਚੇਤੰਨ ਵੀ ਹੁੰਦੀ ਹੈ।

**2.2.3 ਪ੍ਰਤਿਯੋਗਤਾ ਦੇ ਰੂਪ ਜਾਂ ਕਿਸਮਾਂ :**

ਵੱਖ-ਵੱਖ ਸਮਾਜ ਵਿਗਿਆਨੀਆਂ ਨੇ ਪ੍ਰਤਿਯੋਗਤਾ ਦੀਆਂ ਵੱਖ-ਵੱਖ ਕਿਸਮਾਂ ਦਾ ਵਰਨਣ ਕੀਤਾ ਹੈ। ਆਮ ਤੌਰ ਤੇ ਪ੍ਰਤਿਯੋਗਤਾ ਦੀਆਂ ਦੋ ਕਿਸਮਾਂ ਹੀ ਮੰਨੀਆਂ ਜਾਂਦੀਆਂ ਹਨ ਉਹ ਹਨ : (1) ਨਿੱਜੀ ਮੁਕਾਬਲਾ ਜਾਂ ਪ੍ਰਤਿਯੋਗਤਾ ਅਤੇ (2) ਗੈਰ-ਨਿੱਜੀ ਪ੍ਰਤਿਯੋਗਤਾ।

2.2.3.1 **ਨਿੱਜੀ ਪ੍ਰਤਿਯੋਗਤਾ** : ਇਸ ਵਿਚ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚਕਾਰ ਮੁਕਾਬਲਾ ਹੁੰਦਾ ਹੈ ਅਤੇ ਪ੍ਰਤੀਯੋਗੀ ਇਕ ਦੂਜੇ ਬਾਰੇ ਚੇਤੰਨ ਹੁੰਦੇ ਹਨ। ਉਹ ਆਪਣੇ ਉਦੇਸ਼ ਦੀ ਪੂਰਤੀ ਲਈ ਇਕ ਦੂਜੇ ਨੂੰ ਹਾਨੀ ਪਹੁੰਚਾਉਣ ਦੀ ਕੋਸ਼ਿਸ਼ ਵੀ ਕਰਦੇ ਹਨ।

2.2.3.2 **ਗੈਰ-ਨਿੱਜੀ ਪ੍ਰਤਿਯੋਗਤਾ** : ਇਸ ਤਰ੍ਹਾਂ ਦੀ ਪ੍ਰਤਿਯੋਗਤਾ ਵਿਚ ਬਹੁਤ ਸਾਰੇ ਪ੍ਰਤੀਯੋਗੀ ਹੁੰਦੇ ਹਨ ਅਤੇ ਉਹ ਇਕ ਦੂਜੇ ਬਾਰੇ ਚੇਤੰਨ ਨਹੀਂ ਹੁੰਦੇ। ਨਾ ਹੀ ਉਹ ਇਕ ਦੂਜੇ ਨੂੰ ਜਾਣਦੇ ਹੁੰਦੇ ਹਨ। ਉਹ ਖਾਸ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਯਤਨ ਕਰਦੇ ਹਨ।

ਪ੍ਰਤਿਯੋਗਤਾ ਸਾਰੇ ਸਮਾਜਾਂ ਅਤੇ ਸਾਰੇ ਪੜਾਵਾਂ ਵਿਚ ਹੀ ਪਾਈ ਜਾਂਦੀ ਹੈ ਪ੍ਰੰਤੂ ਇਸਦੀ ਮਾਤਰਾ ਉਸ ਸਮਾਜ ਦੀ ਪ੍ਰਕ੍ਰਿਤੀ ਤੇ ਨਿਰਭਰ ਕਰਦੀ ਹੈ ਜਿਵੇਂ ਕਿ ਅਜਕਲ੍ਹ ਦੇ ਉਦਯੋਗਿਕ ਸਮਾਜ ਵਿਚ ਆਰਥਿਕ ਪ੍ਰਤਿਯੋਗਤਾ ਦਾ ਬੋਲਬਾਲਾ ਹੈ। ਇਥੇ ਅਸੀਂ ਮੌਜੂਦਾ ਚਾਰ ਪ੍ਰਮੁੱਖ ਪ੍ਰਤਿਯੋਗਤਾਵਾਂ ਦਾ ਵਰਨਣ ਕਰਾਂਗੇ।

**2.2.3.3 ਆਰਥਿਕ ਪ੍ਰਤਿਯੋਗਤਾ :**

ਤਕਰੀਬਨ ਸਾਰੇ ਸਮਾਜਾਂ ਵਿਚ ਪ੍ਰਤਿਯੋਗਤਾ ਦਾ ਮਹੱਤਵਪੂਰਣ ਰੂਪ ਆਰਥਿਕ ਪ੍ਰਤਿਯੋਗਤਾ ਹੁੰਦੀ ਹੈ ਕਿਉਂਕਿ ਜੀਵਨ ਵਿਚ ਲੋਕ ਆਪਣੇ ਰਹਿਣ-ਸਹਿਣ ਅਤੇ ਜੀਵਨ-ਪੱਧਰ ਨੂੰ ਉੱਚਾ ਚੁਕਣ ਲਈ ਸੰਘਰਸ਼ ਕਰਦੇ ਹਨ। ਨੌਕਰੀਆਂ ਲੈਣ ਵਾਲਿਆਂ ਵਿਚ ਪ੍ਰਤਿਯੋਗਤਾ ਹੈ। ਵਿਉਪਾਰੀਆਂ ਵਿਚ ਆਪਣੀਆਂ ਵਸਤਾਂ ਵੇਚਣ ਲਈ ਮੁਕਾਬਲਾ ਹੈ। ਕਿਸਾਨਾਂ ਵਿਚ ਉਪਜ ਵੱਧ ਤੋਂ ਵੱਧ ਕਰਨ ਲਈ ਮੁਕਾਬਲਾ ਹੈ। ਇਹ ਪ੍ਰਤਿਯੋਗਤਾ ਵਿਅਕਤੀਆਂ ਵਿਚਕਾਰ ਵੀ ਹੁੰਦੀ ਹੈ ਅਤੇ ਸਮੂੰਹਾਂ ਵਿਚ ਵੀ। ਇਸੇ ਤਰ੍ਹਾਂ ਪ੍ਰਤਿਯੋਗਤਾ ਵਿਅਕਤਿਕ ਵੀ ਹੁੰਦੀ ਹੈ ਅਤੇ ਅਵਿਅਕਤਿਕ ਵੀ। ਜਦੋਂ ਵਿਅਕਤੀ ਸਮਾਜ ਵਿਚ ਆਪਣੀ ਪ੍ਰਤਿਸ਼ਠਾ ਵਧਾਉਣ ਲਈ ਇਕ ਦੂਜੇ ਨਾਲ ਮੁਕਾਬਲੇ ਵਿਚ ਆਉਂਦੇ ਹਨ ਤਾਂ ਇਹ ਪ੍ਰਤਿਯੋਗਤਾ ਵਿਅਕਤਿਕ ਹੈ ਇਸ ਦੇ ਉਲਟ ਜਦੋਂ ਸਮੂੰਹ ਨਾਲ ਬੱਝੇ ਹੋਏ ਦੂਜੇ ਸਮੂੰਹ ਦੇ ਮੈਂਬਰਾਂ ਨਾਲ ਮੁਕਾਬਲਾ ਕਰਦੇ ਹਨ ਤਾਂ ਇਹ ਪ੍ਰਤਿਯੋਗਤਾ ਅਵਿਅਕਤਿਕ ਕਹਿਲਾਉਂਦੀ ਹੈ।

**2.2.3.4 ਸਭਿਆਚਾਰਕ ਪ੍ਰਤਿਯੋਗਤਾ :**

ਜਦੋਂ ਦੋ ਸਮਾਜ, ਜਿਨ੍ਹਾਂ ਦੀ ਸੰਸਕ੍ਰਿਤੀ ਇਕੋ ਜਿਹੀ ਨਹੀਂ ਹੁੰਦੀ, ਜਿਨ੍ਹਾਂ ਦੀ ਵਿਚਾਰਧਾਰਾ ਅਲੱਗ ਅਲੱਗ ਹੁੰਦੀ ਹੈ, ਸੰਪਰਕ ਵਿਚ ਆਉਂਦੇ ਹਨ ਤਾਂ ਉਨ੍ਹਾਂ ਵਿਚ ਸੰਸਕ੍ਰਿਤਕ ਪ੍ਰਤਿਯੋਗਤਾ ਸ਼ੁਰੂ ਹੋ ਜਾਂਦੀ ਹੈ। ਜਿਵੇਂ ਅਮਰੀਕਨਾਂ ਵਿਚ ਤੇ ਉਥੇ ਵਸੀਆਂ ਹੋਰ ਨਸਲਾਂ ਵਿਚ ਪ੍ਰਤਿਯੋਗਤਾ, ਪੂਰਬ ਤੇ ਪੱਛਮ ਵਿਚ ਅਫਰੀਕਾ ਵਿਚ ਕਾਲਿਆਂ ਅਤੇ ਗੋਰਿਆਂ ਵਿਚ ਨਸਲੀ ਪ੍ਰਤਿਯੋਗਤਾ ਕੈਥੋਲਿਕ ਤੇ ਪ੍ਰੋਟੈਸਟੈਂਟ ਵਿਚਕਾਰ ਪ੍ਰਤਿਯੋਗਤਾ ਆਦਿ ਇਸ ਦੀਆਂ ਕੁਝ ਉਦਾਹਰਣਾਂ ਹਨ।

**2.2.3.5 ਭੂਮਿਕਾ ਅਤੇ ਰੁੱਤਬੇ ਲਈ ਪ੍ਰਤਿਯੋਗਤਾ :**

ਹਰ ਵਿਅਕਤੀ ਅਤੇ ਸਮੂੰਹ ਚਾਹੁੰਦਾ ਹੈ ਕਿ ਉਨ੍ਹਾਂ ਦੀ ਹੈਸੀਅਤ ਸਮਾਜ ਵਿਚ ਉੱਚੀ ਹੋਵੇ ਅਤੇ ਉਨ੍ਹਾਂ ਦੀ ਹੈਸੀਅਤ ਨੂੰ ਦੂਸਰੇ ਕਬੂਲਣ। ਜਿਸ ਲਈ ਉਹ ਯਤਨ ਵੀ ਕਰਦਾ ਹੈ ਅਤੇ ਦਾਅਵਾ ਵੀ ਕਰਦਾ

ਹੈ। ਜਿਵੇਂ ਪੰਜਾਬੀ ਆਪਣੇ ਆਪ ਨੂੰ ਬਹਾਦਰ ਤੇ ਮੇਹਨਤੀ ਹੋਣ ਦਾ ਦਾਅਵਾ ਕਰਦੇ ਹਨ। ਬੰਗਾਲੀ ਆਪਣੇ ਆਪ ਨੂੰ ਬੁੱਧੀਮਾਨ ਹੋਣ ਦਾ ਦਾਅਵਾ ਕਰਦੇ ਹਨ। ਜਪਾਨੀ ਲੋਕ ਆਪਣੇ ਆਪ ਨੂੰ ਸਿਆਣੇ ਹੋਣ ਦਾ ਮਾਣ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਇਲੈਕਟ੍ਰੋਨਿਕਸ ਦੇ ਖੇਤਰ ਵਿਚ ਬਹੁਤ ਤਰੱਕੀ ਕੀਤੀ ਹੈ।

**2.2.3.6 ਨਸਲੀ ਪ੍ਰਤਿਯੋਗਤਾ :**

ਇਹ ਵੱਖ-ਵੱਖ ਪਿਛੋਕੜ ਵਾਲੇ ਸਮਾਜਾਂ ਜਾਂ ਰਾਸ਼ਟਰਾਂ ਵਿਚਕਾਰ ਹੁੰਦੀ ਹੈ, ਜੋ ਦੂਜੀ ਨਸਲ ਜਾਂ ਰਾਸ਼ਟਰ ਨਾਲੋਂ ਉਚੇ ਹੋਣ ਦਾ ਦਾਅਵਾ ਕਰਦੇ ਹਨ। ਉਦਾਹਰਣ ਦੇ ਤੌਰ ਤੇ ਜਿਵੇਂ ਅਮਰੀਕਾ ਵਿਚ ਗੋਰੇ ਤੇ ਕਾਲੇ ਲੋਕਾਂ ਵਿਚ ਪ੍ਰਤਿਯੋਗਤਾ ਪਾਈ ਜਾਂਦੀ ਹੈ। ਦੋਵੇਂ ਨਸਲਾਂ ਦੇ ਲੋਕ ਇਕ ਦੂਜੇ ਤੋਂ ਜ਼ਿਆਦਾ ਅਧਿਕਾਰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ।

**2.2.4 ਪ੍ਰਤਿਯੋਗਤਾ ਦਾ ਮਹੱਤਵ :**

ਬੇਸ਼ਕ ਪ੍ਰਤਿਯੋਗਤਾ ਨੂੰ ਅਸੀਂ ਅਸੰਗਠਿਤ ਕਰਨ ਵਾਲੀ ਸਮਾਜਿਕ ਪ੍ਰਕ੍ਰਿਆ ਕਹਿੰਦੇ ਹਾਂ ਪ੍ਰੰਤੂ ਇਹ ਮਨੁੱਖੀ ਸਮਾਜ ਲਈ ਬਹੁਤ ਮਹੱਤਵਪੂਰਨ ਹੈ। ਕਿਸੇ ਵੀ ਸਮਾਜ ਦੇ ਵਿਕਾਸ ਜਾਂ ਪ੍ਰਗਤੀ ਲਈ ਉਸ ਸਮਾਜ ਦੇ ਵਿਅਕਤੀਆਂ ਵਿੱਚ ਪ੍ਰਤਿਯੋਗਤਾ ਦੀ ਭਾਵਨਾ ਲਾਜ਼ਮੀ ਹੈ। ਪ੍ਰਤਿਯੋਗਤਾ ਦਾ ਮਨੁੱਖੀ ਜੀਵਨ ਵਿਚ ਬਹੁਤ ਮਹੱਤਵ ਹੈ। ਡਾ. ਮਜੂਮਦਾਰ ਅਨੁਸਾਰ ਪ੍ਰਤਿਯੋਗਤਾ ਦੇ ਮਹੱਤਵਪੂਰਨ ਕੰਮ ਹੇਠ ਲਿਖੇ ਹਨ :

(ੳ) ਇਹ ਸਮਾਜ ਦੀਆਂ ਕੜੀਆਂ ਵਿੱਚ ਵਿਅਕਤੀਆਂ ਦੇ ਅਹੁਦੇ ਅਤੇ ਸਥਿਤੀਆਂ ਨੂੰ ਨਿਰਧਾਰਤ ਕਰਦੀ ਹੈ।

(ਅ) ਇਹ ਵਿਅਕਤੀ ਨੂੰ ਖੋਜ, ਨਿਪੁੰਨਤਾ ਅਤੇ ਘੱਟ ਖਰਚ ਕਰਨ ਲਈ ਪ੍ਰੇਰਦੀ ਹੈ।

(ੲ) ਇਹ ਵਿਅਕਤੀ ਦੇ ਅਹੰਕਾਰ ਨੂੰ ਵਧਾਉਂਦੀ ਹੈ।

(ਸ) ਇਹ ਕਿਸੇ ਵੀ ਵਿਅਕਤੀ ਜਾਂ ਸਮੂੰਹ ਵਿਚ ਸੱਤਾ ਦੇ ਅਨਉਚਿਤ ਕੇਂਦਰੀਕਰਣ ਨੂੰ ਰੋਕਦੀ ਹੈ।

(ਹ) ਇਹ ਨਿਯਮ ਪਾਲਣਾ ਪ੍ਰਤੀ ਸ਼ਰਧਾ ਜਾਂ ਆਦਰ ਪੈਦਾ ਕਰਦੀ ਹੈ।

ਇਸ ਤੋਂ ਇਲਾਵਾ ਵੀ ਪ੍ਰਤਿਯੋਗਤਾ ਦੇ ਹੋਰ ਮਹੱਤਵਪੂਰਨ ਕੰਮ ਹਨ :

(i) ਪ੍ਰਤਿਯੋਗਤਾ ਕਾਰਜ ਦੀ ਸਮੱਰਥਾ ਵਧਾਉਂਦੀ ਹੈ (It increases efficiency)

(ii) ਪ੍ਰੇਰਣਾ ਦਾ ਸੋਮਾ

(iii) ਉਨੱਤੀ ਜਾਂ ਪ੍ਰਗਤੀ ਲਈ ਲਾਭਕਾਰੀ

(iv) ਵਿਅਕਤਿਤਵ ਦਾ ਵਿਕਾਸ

(v) ਸਮਾਜਿਕ ਸਥਿਰਤਾ

ਉਪਰੋਕਤ ਚਰਚਾ ਤੋਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਪ੍ਰਤਿਯੋਗਤਾ ਦੇ ਸਿਰਫ਼ ਫਾਇਦੇ ਹੀ ਹਨ ਇਸਦਾ ਕੋਈ ਨਾਕਾਰਾਤਮਕ ਕੰਮ ਨਹੀਂ ਹੈ। ਮਜੂਮਦਾਰ ਨੇ ਇਸਦੇ ਤਿੰਨ ਅਜਿਹੇ ਕਾਰਜਾਂ ਬਾਰੇ ਲਿਖਿਆ ਹੈ ਜੋ ਸਮਾਜ ਲਈ ਹਾਨੀਕਾਰਕ ਹੁੰਦੇ ਹਨ। ਇਹ ਨਿਰਾਸ਼ਾ ਨੂੰ ਜਨਮ ਦਿੰਦੀ ਹੈ। ਜਿਸ ਨਾਲ ਵਿਅਕਤੀਆਂ ਨੂੰ ਕਈ ਮਨੋਵਿਗਿਆਨਕ ਰੋਗ ਲਗ ਜਾਂਦੇ ਹਨ। ਉਹਨਾਂ ਵਿਚ ਮਾਨਸਿਕ ਪੀੜਾ, ਅਨੈਤਿਕ ਵਿਵਹਾਰ, ਅਪਰਾਧ ਅਤੇ ਆਤਮਹੱਤਿਆ ਦੀ ਸੰਭਾਵਨਾ ਵੱਧ ਜਾਂਦੀ ਹੈ। ਨਿਤ ਪ੍ਰਤੀ ਦਿਨ ਦੇ ਤਣਾਅ ਕਾਰਨ ਟੁਟਿਆ ਵਿਅਕਤੀਤਵ (Split Personality) ਵੀ ਵਿਕਸਤ ਹੋ ਜਾਂਦਾ ਹੈ।

ਆਰਥਿਕਤਾ ਦੇ ਖੇਤਰ ਵਿਚ ਪ੍ਰਤਿਯੋਗਤਾ ਕਈ ਵਾਰ ਅਜਿਹੀ ਬਹੁਲਤਾ ਦੀ ਸਥਿਤੀ ਪੈਦਾ ਕਰ ਦਿੰਦੀ ਹੈ ਜਿਸ ਵਿਚ ਜਨਤਾ ਦੀਆਂ ਜ਼ਰੂਰਤਾਂ ਦਾ ਧਿਆਨ ਨਹੀਂ ਰਖਿਆ ਜਾਂਦਾ ਅਤੇ ਇਸਦੇ ਸਿੱਟੇ ਵਜੋਂ ਸਮਾਜ ਵਿਚ ਭੁਖਮਰੀ, ਗਰੀਬੀ, ਡਰ, ਅਵਿਸ਼ਵਾਸ, ਅਸਥਿਰਤਾ ਆਦਿ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ।

ਸਮਾਜਿਕ ਖੇਤਰ ਵਿਚ ਪ੍ਰਤਿਯੋਗਤਾ ਸਮੁਦਾਇਦ ਭਾਵਨਾ ਦੇ ਵਿਕਾਸ ਵਿਚ ਸਹਾਈ ਨਹੀਂ ਹੁੰਦੀ ਕਿਉਂਕਿ ਹਰੇਕ ਵਿਅਕਤੀ ਦੂਸਰੇ ਪ੍ਰਤਿਯੋਗੀ ਨੂੰ ਆਪਣਾ ਦੁਸ਼ਮਣ ਸਮਝਦਾ ਹੈ ਅਤੇ ਉਸ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਉਹ ਆਪਣੀ ਤਕਨੀਕ ਨੂੰ ਗੁਪਤ ਰਖਦਾ ਹੈ ਤਾਂਕਿ ਕੋਈ ਦੂਜਾ ਉਸਦਾ ਲਾਭ ਨਾ ਉਠਾ ਸਕੇ। ਇਸ ਹੋੜ ਵਿਚ ਵਿਅਕਤੀ ਨਿਯਮਾਂ ਦੀ ਉਲੰਘਣਾ ਕਰਦਾ ਹੈ ਅਤੇ ਕਿਸੇ ਵੀ ਪ੍ਰਕਾਰ ਅੱਗੇ ਨਿਕਲਣਾ ਚਾਹੁੰਦਾ ਹੈ। ਇਹ ਹੀ ਸੰਘਰਸ਼ ਹੁੰਦਾ ਹੈ। **ਬੋਗਾਰਡਸ** ਲਿਖਦਾ ਹੈ, ''ਪ੍ਰਤਿਯੋਗਤਾ

ਤਰਕ ਦੇ ਅਨੁਸਾਰ ਸੰਘਰਸ਼ ਵਿਚ ਬਦਲ ਜਾਂਦੀ ਹੈ।''

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਪ੍ਰਤਿਯੋਗਤਾ ਜੀਵਨ ਦੀ ਸਜੀਵ ਪ੍ਰਕ੍ਰਿਆ ਹੈ ਅਤੇ ਇਸ ਵਿਚ ਕੁਝ ਨਾ ਕੁਝ ਸੰਘਰਸ਼ ਦੀ ਭਾਵਨਾ ਪਾਈ ਜਾਂਦੀ ਹੈ। ਇਸਨੂੰ ਅਸੀਂ ਬਿਲਕੁਲ ਹੀ ਅਲੱਗ ਜਾਂ ਪ੍ਰਿਥਕ ਕਰਨ ਵਾਲੀ ਪ੍ਰਕ੍ਰਿਆ ਵੀ ਨਹੀਂ ਕਹਿ ਸਕਦੇ। ਜਿਵੇਂ **ਜੋਨਜ** ਵੀ ਲਿਖਦਾ ਹੈ ਕਿ ''ਪ੍ਰਤਿਯੋਗਤਾ ਮਾਮੂਲੀ ਪ੍ਰਿਥਕ ਕਰਨ ਵਾਲੀਆਂ ਪ੍ਰਕ੍ਰਿਆਵਾਂ ਵਿਚੋਂ ਇਕ ਹੈ।'' ਪ੍ਰੰਤੂ ਅਸੀਮਿਤ ਪ੍ਰਤੀਯੋਗਤਾ ਵਿਘਟਨ ਜਾਂ ਅਸੰਗਠਨ ਜਾਂ ਅਲਹਿਦਗੀ ਨੂੰ ਜਨਮ ਦਿੰਦੀ ਹੈ। ਇਹ ਇਕ ਪ੍ਰਕਾਰ ਦਾ ਸੰਘਰਸ਼ ਹੈ ਜਾਂ ਇਹ ਕਹਿ ਲਈਏ ਕਿ ਪ੍ਰਤਿਯੋਗਤਾ ਦਾ ਭਿਅੰਕਰ ਅਤੇ ਹਿੰਸਕ ਰੂਪ ਹੀ ਸੰਘਰਸ਼ ਕਹਿਲਾਉਂਦਾ ਹੈ। ਆਉ ਹੁਣ ਸੰਘਰਸ਼ ਬਾਰੇ ਜਾਣਕਾਰੀ ਹਾਸਿਲ ਕਰੀਏ।

**ਆਪਣਾ ਗਿਆਨ ਪਰਖੋ :**

(ੳ) ਪ੍ਰਕ੍ਰਿਆ ਤੋਂ ਤੁਹਾਡਾ ਕੀ ਭਾਵ ਹੈ?

..............................................................................................................

..............................................................................................................

..............................................................................................................

(ਅ) ਪ੍ਰਤਿਯੋਗਤਾ ਕਿਸਨੂੰ ਆਖਦੇ ਹਨ?

..............................................................................................................

..............................................................................................................

..............................................................................................................

(ੲ) ਪ੍ਰਤਿਯੋਗਤਾ ਦੀਆਂ ਕੋਈ ਤਿੰਨ ਕਿਸਮਾਂ ਦੇ ਨਾਂ ਲਿਖੋ।

..............................................................................................................

..............................................................................................................

..............................................................................................................

### 2.3 ਸੰਘਰਸ਼ :

ਪ੍ਰਤੀਯੋਗਤਾ ਦੀ ਤਰ੍ਹਾਂ ਸੰਘਰਸ਼ ਵੀ ਇਕ ਪ੍ਰਿਥਕ ਕਰਨ ਵਾਲੀ ਪ੍ਰਕ੍ਰਿਆ ਹੈ ਜੋ ਕਿ ਮੌਲਿਕ ਅਤੇ ਸਰਵ ਵਿਆਪਕ ਹੈ। ਇਹ ਹਰੇਕ ਸਮਾਜ ਅਤੇ ਕਾਲ ਵਿਚ ਵੱਧ ਜਾਂ ਘੱਟ ਮਾਤਰਾ ਵਿਚ ਪਾਈ ਜਾਂਦੀ ਹੈ। ਪੂਰਨ ਤੌਰ ਤੇ 'ਸੰਘਰਸ਼ ਰਹਿਤ' ਸਮਾਜ ਦਾ ਪਾਇਆ ਜਾਣਾ ਅਸੰਭਵ ਹੈ। ਸਮਾਜਿਕ ਵਿਕਾਸ ਅਤੇ ਤਰੱਕੀ ਲਈ ਸੰਘਰਸ਼ ਵੀ ਜ਼ਰੂਰੀ ਹੈ। ਸੰਘਰਸ਼ ਅਤੇ ਸਹਿਯੋਗ ਦੋ ਅਜਿਹੀਆਂ ਪ੍ਰਕ੍ਰਿਆਵਾਂ ਹਨ ਜਿਨ੍ਹਾਂ ਨਾਲ ਸਾਡਾ ਸਮਾਜ ਵਿਕਸਤ ਹੁੰਦਾ ਹੈ ਅਤੇ ਤਰੱਕੀ ਕਰਦਾ ਹੈ। ਸਮਾਜ ਵਿਚ ਸੰਘਰਸ਼ ਸਿਰਫ਼ ਵਿਨਾਸ਼ਕਾਰੀ ਜਾਂ ਖਤਮ ਕਰਨ ਵਾਲਾ ਹੀ ਨਹੀਂ ਹੁੰਦਾ ਬਲਕਿ ਸਾਕਾਰਾਤਮਕ ਕਾਰਜ ਵੀ ਕਰਦਾ ਹੈ। ਆਉ ਸੰਘਰਸ਼ ਬਾਰੇ ਜਾਣੀਏ।

ਸੌਖੇ ਸ਼ਬਦਾਂ ਵਿਚ ਜੇ ਸੰਘਰਸ਼ ਨੂੰ ਸਮਝਣਾ ਹੋਵੇ ਤਾਂ ਅਸੀਂ ਕਹਾਂਗੇ ਕਿ ਹਰ ਵਿਅਕਤੀ ਜਾਂ ਸਮੂੰਹ ਕੁਝ ਉਦੇਸ਼ਾਂ ਦੀ ਪੂਰਤੀ ਕਰਨਾ ਚਾਹੁੰਦਾ ਹੈ ਜਿਸ ਲਈ ਉਹ ਦੂਜਿਆਂ ਦੀਆਂ ਇੱਛਾਵਾਂ ਦੀ ਪ੍ਰਵਾਹ ਨਹੀਂ ਕਰਦੇ ਭਾਵੇਂ ਉਨ੍ਹਾਂ ਨੂੰ ਹਿੰਸਾਤਮਕ ਤਰੀਕੇ ਹੀ ਕਿਉਂ ਨਾ ਅਪਣਾਉਣੇ ਪੈਣ। ਸੰਘਰਸ਼ ਦਾ ਪ੍ਰਤਿਯੋਗਤਾ ਨਾਲੋਂ ਫਰਕ ਇਸ ਗੱਲ ਦਾ ਹੈ ਕਿ ਇਸ ਵਿਚ ਵਿਅਕਤੀ, ਸਮੂੰਹ ਜਾਂ ਬਹੁਤ ਸਮੂੰਹ ਆਪਸ ਵਿਚ ਸੰਪਰਕ ਵਿਚ ਹੁੰਦੇ ਹਨ ਜਦੋਂ ਕਿ ਪ੍ਰਤਿਯੋਗਤਾ ਵਿਚ ਅਜਿਹਾ ਨਹੀਂ ਹੁੰਦਾ। ਦੂਸਰਾ ਇਹ ਸੋਚੇ ਸਮਝੇ ਢੰਗ ਨਾਲ ਨਿੱਜੀ ਪੱਧਰ ਤੇ ਕੀਤਾ ਜਾਂਦਾ ਹੈ ਜਿਸ ਵਿਚ ਹਿੰਸਾ ਨੂੰ ਵੀ ਵਰਤਿਆ ਜਾ ਸਕਦਾ ਹੈ। ਇਹ ਕਦੀ ਕਦੀ ਵਾਪਰਦਾ ਹੈ।

#### 2.3.1 ਸੰਘਰਸ਼ ਦੀਆਂ ਪਰਿਭਾਸ਼ਾਵਾਂ :

**ਗਿਲਿਨ ਐਂਡ ਗਿਲਿਨ ਅਨੁਸਾਰ,** ''ਸੰਘਰਸ਼ ਉਹ ਸਮਾਜਿਕ ਪ੍ਰਕ੍ਰਿਆ ਹੈ ਜਿਸ ਵਿਚ ਵਿਅਕਤੀ ਜਾਂ ਸਮੂੰਹ ਆਪਣੇ ਵਿਰੋਧੀ ਦੇ ਪ੍ਰਤੀ ਸਿੱਧੇ ਅਹਿੰਸਾਤਮਕ ਤਰੀਕਿਆਂ ਨੂੰ ਆਪਣਾ ਕੇ ਜਾਂ ਹਿੰਸਾਤਮਕ ਤਰੀਕੇ ਅਪਨਾਉਣ ਦੀ ਧਮਕੀ ਦੇ ਕੇ ਆਪਣੇ ਉਦੇਸ਼ਾਂ ਦੀ ਪੂਰਤੀ ਕਰਨਾ ਚਾਹੁੰਦੇ ਹਨ।''

**ਮਜੂਮਦਾਰ ਅਨੁਸਾਰ,** ''ਸੰਘਰਸ਼ ਇਕ ਵਿਰੋਧ ਜਾਂ ਜੱਦੋਜਹਿਦ ਹੈ ਜਿਸ ਵਿਚ (ੳ) ਵਿਰੋਧ ਦਾ ਭਾਵਨਾਤਮਕ ਦ੍ਰਿਸ਼ਟੀਕੋਣ ਅਤੇ (ਅ) ਕਿਸੇ ਵਿਅਕਤੀ ਦੀ ਆਪਣੀ (Autonomous Choice) ਪਸੰਦ ਵਿੱਚ ਹਿੰਸਕ ਦਖਲਅੰਦਾਜੀ ਸ਼ਾਮਿਲ ਹੁੰਦੀ ਹੈ।

**ਪਾਰਕ ਅਤੇ ਬਰਗਸ ਅਨੁਸਾਰ,** ''ਪ੍ਰਤਿਯੋਗਤਾ ਅਤੇ ਸੰਘਰਸ਼ ਵਿਰੋਧ ਦੇ ਦੋ ਰੂਪ ਹੁੰਦੇ ਹਨ। ਜਿਸ ਵਿਚ ਪ੍ਰਤਿਯੋਗਤਾ ਨਿਰੰਤਰ ਅਤੇ ਅਵਿਅਕਤਕ ਹੁੰਦੀ ਹੈ ਜਦੋਂ ਕਿ ਸੰਘਰਸ਼ ਦਾ ਰੂਪ ਵਿਅਕਤਕ ਅਤੇ ਅਨਿਰੰਤਰ ਹੁੰਦਾ ਹੈ।''

**ਏ.ਡਬਲਿਯੂ. ਗਰੀਨ ਦੇ ਸ਼ਬਦਾਂ ਵਿਚ,** ''ਸੰਘਰਸ਼ ਕਿਸੇ ਦੂਜੇ ਆਦਮੀ ਜਾਂ ਆਦਮੀਆਂ ਦੀ ਇੱਛਾ ਜਾ ਜਾਣ-ਬੁੱਝ ਕੇ ਵਿਰੋਧ ਕਰਨ, ਉਸ ਨੂੰ ਰੋਕਣ ਜਾਂ ਉਸ ਨੂੰ ਸ਼ਕਤੀ ਨਾਲ ਪੂਰਾ ਕਰਵਾਉਣ ਨਾਲ ਸੰਬੰਧਿਤ ਯਤਨ ਹੈ।''

ਇਸੇ ਤਰ੍ਹਾਂ **ਕਿੰਗਸਲੇ ਡੇਵਿਸ ਅਨੁਸਾਰ,** ''ਸੰਘਰਸ਼ ਦਾ ਮੰਤਵ ਵਿਰੋਧੀ ਨੂੰ ਤਬਾਹ ਕਰਨਾ ਜਾਂ ਲੁਪਤ ਕਰਨਾ ਹੈ।''

### 2.3.2 ਸੰਘਰਸ਼ ਦੀਆਂ ਵਿਸ਼ੇਸ਼ਤਾਈਆਂ :

ਉਪਰ ਦਿੱਤੀਆਂ ਪਰਿਭਾਸ਼ਾਵਾਂ ਤੋਂ ਸੰਘਰਸ਼ ਦੀ ਪ੍ਰਕ੍ਰਿਤੀ ਸਪਸ਼ਟ ਰੂਪ ਵਿਚ ਸਾਹਮਣੇ ਆ ਜਾਂਦੀ ਹੈ ਅਤੇ ਅਸੀਂ ਕਹਿ ਸਕਦੇ ਹਾਂ ਕਿ ਸੰਘਰਸ਼ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਹਨ :

**(i) ਸੰਘਰਸ਼ ਚੇਤਨ ਪ੍ਰਕ੍ਰਿਆ ਹੈ :**

ਸੰਘਰਸ਼ ਇਕ ਚੇਤਨ ਪ੍ਰਕ੍ਰਿਆ ਹੈ ਕਿਉਂਕਿ ਇਸ ਵਿਚ ਵਿਰੋਧੀ ਇਕ ਦੂਜੇ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਜਾਂ ਚੇਤੰਨ ਹੁੰਦੇ ਹਨ। ਦੋਹਾਂ ਧਿਰਾਂ ਨੂੰ ਪਹਿਲਾਂ ਤੋਂ ਹੀ ਪਤਾ ਹੁੰਦਾ ਹੈ ਕਿ ਉਨ੍ਹਾਂ ਦਾ ਵਿਰੋਧ ਕਿਸ ਨਾਲ ਹੈ ਅਤੇ ਉਹਨਾਂ ਨੇ ਆਪਣੇ ਵਿਰੋਧੀ ਨੂੰ ਕਿਵੇਂ ਨੁਕਸਾਨ ਪਹੁੰਚਾਉਣਾ ਹੈ। ਆਪਣੇ ਉਦੇਸ਼ਾਂ ਦੀ ਪੂਰਤੀ ਲਈ ਉਹ ਗਿਣੇ ਮਿਥੇ ਢੰਗ ਨਾਲ ਸੁਚੇਤ ਹੋਕੇ ਪੂਰਤੀ ਦੇ ਤਰੀਕਿਆਂ ਨੂੰ ਅਪਣਾਉਂਦੇ ਹਨ।

**(ii) ਸੰਘਰਸ਼ ਇਕ ਨਿਜੀ ਪ੍ਰਕ੍ਰਿਆ ਹੈ :**

ਸੰਘਰਸ਼ ਦੀ ਪ੍ਰਕ੍ਰਿਆ ਮਨੁੱਖਾਂ ਵਿਚ ਨਿੱਜੀ ਜਾਂ ਵਿਅਕਤੀਗਤ ਰੂਪ ਵਿਚ ਚਲਦੀ ਹੈ। ਸੰਘਰਸ਼ ਵਿਚ ਲੱਗੇ ਵਿਅਕਤੀ ਜਾਂ ਸਮੂਹ ਵਿਅਕਤੀਗਤ ਜਾਂ ਨਿੱਜੀ ਤੌਰ ਤੇ ਇਕ ਦੂਜੇ ਨੂੰ ਜਾਣਦੇ ਹੁੰਦੇ ਹਨ ਅਤੇ ਇਕ ਦੂਜੇ ਨੂੰ ਨੁਕਸਾਨ ਪਹੁੰਚਾਉਣ ਤੋਂ ਵੀ ਗੁਰੇਜ ਨਹੀਂ ਕਰਦੇ।

**(iii) ਸੰਘਰਸ਼ ਅਨਿਰੰਤਰ ਪ੍ਰਕ੍ਰਿਆ ਹੈ :**

ਇਹ ਲਗਾਤਾਰ ਜਾਂ ਨਿਰੰਤਰ ਚਲਣ ਵਾਲੀ ਪ੍ਰਕ੍ਰਿਆ ਨਹੀਂ ਬਲਕਿ ਰੁਕ ਰੁਕ ਕੇ ਹੁੰਦੀ ਹੈ। ਜੇਕਰ ਸੰਘਰਸ਼ ਲਗਾਤਾਰ ਚਲਦਾ ਰਹੇ ਤਾਂ ਸਮਾਜ ਦੀ ਹੋਂਦ ਮੁਮਕਿਨ ਨਹੀਂ। ਕਿਉਂਕਿ ਮਨੁੱਖੀ ਵਤੀਰਾ ਪਰਿਵਰਤਨਸ਼ੀਲ ਹੈ ਜੋ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ ਅਤੇ ਦੂਜੇ ਕਮਜ਼ੋਰ ਵਿਅਕਤੀ ਹਮੇਸ਼ਾ ਸੰਘਰਸ਼ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦਾ ਹੈ।

**(iv) ਇਹ ਸਰਵਵਿਆਪਕ ਪ੍ਰਕ੍ਰਿਆ ਹੈ :**

ਸੰਘਰਸ਼ ਦੀ ਪ੍ਰਕ੍ਰਿਆ ਹਰੇਕ ਸਮਾਜ, ਹਰੇਕ ਕਾਲ ਅਤੇ ਹਰੇਕ ਖੇਤਰ ਵਿਚ ਪਾਈ ਜਾਂਦੀ ਹੈ। ਇਸ ਲਈ ਇਹ ਸਰਵ-ਵਿਆਪਕ ਪ੍ਰਕ੍ਰਿਆ ਹੈ। ਇਸ ਦੀ ਸਰਵ-ਵਿਆਪਕਤਾ ਦਾ ਜ਼ਿਕਰ ਕਰਦਿਆਂ ਸਿੰਮਲ ਦਾ ਵਿਚਾਰ ਸੀ ਕਿ ਪੂਰਨ ਰੂਪ ਵਿਚ ਸੰਘਰਸ਼-ਮੁਕਤ ਇਕ-ਸੁਰ ਸਮੂੰਹ ਅਸਲੀ ਰੂਪ ਵਿਚ ਅਸੰਭਵ ਹੀ ਹੁੰਦਾ ਹੈ। ਅਜਿਹੇ ਸਮੂੰਹ ਨੇ ਜੇ ਜਿਉਂਦੇ ਰਹਿਣਾ ਹੋਵੇ ਤਾਂ ਉਸ ਨੂੰ ਜ਼ਰੂਰੀ ਜੀਵਨ-ਪ੍ਰਕ੍ਰਿਆਵਾਂ ਤੋਂ ਵਾਂਝਿਆ ਰਖਣਾ ਪਵੇਗਾ ਅਤੇ ਉਸ ਦਾ ਕੋਈ ਸਥਿਰ ਢਾਂਚਾ ਨਹੀਂ ਹੋਵੇਗਾ।

**(v) ਭਾਵਾਤਮਕ ਆਧਾਰ :**

ਸੰਘਰਸ਼ ਕਰਦੇ ਸਮੇਂ ਵਿਅਕਤੀ ਆਪਣੀ ਬੁੱਧੀ ਅਤੇ ਤਰਕ ਦਾ ਪ੍ਰਯੋਗ ਨਹੀਂ ਕਰਦੇ ਬਲਕਿ ਉਨ੍ਹਾਂ ਦਾ ਵਿਵਹਾਰ ਭਾਵਾਤਮਕ ਪ੍ਰਵਿਰਤੀਆਂ ਦੁਆਰਾ ਸੰਚਾਲਿਤ ਹੁੰਦਾ ਹੈ। ਇਸੇ ਕਰਕੇ ਉਹ ਉਦੇਸ਼ਾਂ ਦੀ ਪੂਰਤੀ ਲਈ ਉਚਿਤ ਅਤੇ ਅਨਉਚਿਤ ਸੱਭ ਪ੍ਰਕਾਰ ਦੇ ਢੰਗਾਂ ਦੀ ਵਰਤੋਂ ਕਰਦੇ ਹਨ।

### 2.3.3 ਸੰਘਰਸ਼ ਦੀਆਂ ਕਿਸਮਾਂ (Types of Conflict) :

ਵੱਖ-ਵੱਖ ਸਮਾਜ ਵਿਗਿਆਨੀਆਂ ਨੇ ਸੰਘਰਸ਼ ਦੀਆਂ ਵੱਖ-ਵੱਖ ਕਿਸਮਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਕਿ :

ਸਿੰਮਲ ਅਨੁਸਾਰ ਸੰਘਰਸ਼ ਚਾਰ ਕਿਸਮ ਦਾ ਹੁੰਦਾ ਹੈ।

**2.3.3.1 ਯੁੱਧ :**

ਇਹ ਸੰਘਰਸ਼ ਦਾ ਬਹੁਤ ਹੀ ਵਿਰਾਟ ਰੂਪ ਹੈ, ਜੋ ਆਪਣੇ ਵਕਾਰ ਅਤੇ ਪ੍ਰਤਿਸ਼ਠਾ ਲਈ ਲੜਿਆ ਜਾਂਦਾ ਹੈ। ਜਿਸ ਵਿਚ ਸੰਘਰਸ਼ ਵਿਚ ਪਏ ਰਾਸ਼ਟਰਾਂ ਦਾ ਬਹੁਤ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਹੈ। ਜਿਵੇਂ ਅਰਬ ਲੜਾਈ ਜੋ ਇਰਾਨ ਤੇ ਵਿਰੋਧੀਆਂ ਵਿਚਕਾਰ ਲੜੀ ਗਈ ਜਿਸ ਦੇ ਸਿੱਟੇ ਵਜੋਂ ਅਜੇ ਵੀ ਇਰਾਨ 'ਚ ਲੋਕ ਭੁੱਖ ਨਾਲ ਮਰ ਰਹੇ ਹਨ। ਜੋ ਦੋ ਮਹਾਂ-ਯੁੱਧਾਂ ਵਿਚ ਹੋਇਆ। ਜੋ ਰੂਸ ਦੇ ਅਕਤੂਬਰ ਇਨਕਲਾਬ ਵੇਲੇ ਹੋਇਆ। ਜੋ ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਹੋਇਆ। ਸੋ ਸ੍ਰੀਲੰਕਾ ਵਿਚ ਤਾਮਿਲਇਲਮ ਅਤੇ ਸ੍ਰੀਲੰਕਾ ਸਰਕਾਰ ਵਿਚਕਾਰ ਹੋਇਆ। ਇਸ ਲਈ ਇਸ ਸਥਿਤੀ ਨੂੰ ਟਾਲਣ ਦਾ ਯਤਨ ਕੀਤਾ ਜਾਂਦਾ ਹੈ। ਜਦੋਂ ਕੋਈ ਹੋਰ ਚਾਰਾ ਨਾ ਰਹੇ ਤਾਂ ਇਹ ਸਥਿਤੀ ਜਨਮ ਲੈਂਦੀ ਹੈ।

**2.3.3.2 ਦੁਸ਼ਮਣੀ :**

ਇਹ ਜ਼ਿਆਦਾਤਰ ਪਰਿਵਾਰਾਂ ਵਿਚ ਪਾਇਆ ਜਾਂਦਾ ਹੈ। ਜਦੋਂ ਪਰਿਵਾਰਾਂ ਜਾਂ ਖਾਨਦਾਨ ਦੀ ਪ੍ਰਤਿਸ਼ਠਾ ਦਾਅ ਤੇ ਲਗੀ ਹੋਵੇ। ਉਦਾਹਰਣ ਲਈ ਜੇ ਕਿਸੇ ਪਰਿਵਾਰ ਦਾ ਕੋਈ ਵਿਅਕਤੀ ਜਾਂ ਬਹੁਤੇ ਵਿਅਕਤੀ ਦੂਜੇ ਪਰਿਵਾਰ ਦੇ ਵਿਅਕਤੀ ਜਾਂ ਮੈਂਬਰਾਂ ਦੀ ਬੇਇਜ਼ਤੀ ਕਰ ਦੇਣ ਤਾਂ ਦੂਜਾ ਪਰਿਵਾਰ ਇਸ ਦਾ ਬਦਲਾ ਲੈਣ ਲਈ ਵਿਰੋਧੀ ਪਰਿਵਾਰ ਦੀ ਬੇਇਜ਼ਤੀ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਦੇ ਸਿੱਟੇ ਵਜੋਂ ਉਹਨਾਂ ਵਿਚ ਪੱਕੀ ਦੁਸ਼ਮਣੀ ਪੈ ਜਾਂਦੀ ਹੈ।

**2.3.3.3 ਮੁਕੱਦਮੇਬਾਜ਼ੀ :**

ਕਈ ਵਾਰ ਖਾਸ ਕਰ ਪਿੰਡਾਂ ਵਿਚ ਜ਼ਮੀਨਾਂ ਦੇ ਮਸਲੇ ਤੇ ਝਗੜੇ ਹੋ ਜਾਂਦੇ ਹਨ, ਜਿਨ੍ਹਾਂ ਦਾ ਫੈਸਲਾ ਕਚਹਿਰੀਆਂ ਦੇ ਹੱਥ ਚਲਾ ਜਾਂਦਾ ਹੈ। ਕਈ ਵਾਰੀ ਦੀਵਾਨੀ ਤੇ ਫੌਜਦਾਰੀ ਦੋਵੇਂ ਕਿਸਮ ਦੀ ਮੁਕੱਦਮੇਬਾਜ਼ੀ ਕਚਹਿਰੀਆਂ ਦੇ ਹੱਥ ਚਲੀ ਜਾਂਦੀ ਹੈ। ਜਿਸ ਵਿਚ ਦੋਹਾਂ ਧਿਰਾਂ (ਵਿਅਕਤੀ ਜਾਂ ਸਮੂੰਹਾਂ) ਵੱਲੋਂ ਮੁਕੱਦਮਾ ਜਿੱਤਣ ਲਈ ਜ਼ੋਰ ਲਾਇਆ ਜਾਂਦਾ ਹੈ। ਦਾਅਵੇ ਕੀਤੇ ਜਾਂਦੇ ਹਨ।

**2.3.3.4 ਅਵਿਅਕਤਿਕ ਆਦਰਸ਼ਾਂ ਦਾ ਸੰਘਰਸ਼ :**

ਅਜਿਹੇ ਸੰਘਰਸ਼ ਵਿਚ ਸੰਘਰਸ਼ ਸ਼ੁਰੂ ਕਰਨ ਵਾਲੇ ਵਿਅਕਤੀਆਂ ਨੂੰ ਦੂਜਿਆਂ ਨਾਲੋਂ ਨਿਖੇੜਿਆ ਜਾਂਦਾ ਹੈ। ਕਿਉਂਕਿ ਸੰਘਰਸ਼ ਕਰਨ ਵਾਲੇ ਆਪਣੇ ਨਿੱਜੀ ਹਿੱਤਾਂ ਲਈ ਨਹੀਂ ਬਲਕਿ ਆਦਰਸ਼ਾਂ ਲਈ ਸੰਘਰਸ਼ ਕਰਦੇ ਹਨ ਜਿਸ ਵਿਚ ਨਾ ਉਹ ਆਪਣੀ ਪ੍ਰਵਾਹ ਕਰਦੇ ਹਨ ਨਾ ਹੀ ਦੂਸਰੇ ਦੀ। ਉਹਨਾਂ ਨੂੰ ਤਾਂ ਆਦਰਸ਼ ਪਿਆਰੇ ਹੁੰਦੇ ਹਨ। ਜਿਵੇਂ ਨਕਸਲਬਾੜੀ ਲਹਿਰ ਵੇਲੇ ਉਸ ਵਿਚ ਭਾਗ ਲੈਣ ਵਾਲਿਆਂ ਨੇ ਕੀਤਾ। ਇਸੇ ਤਰ੍ਹਾਂ ਪੰਜਾਬ ਵਿਚ ਚਲੀ ਖਾੜਕੂ ਲਹਿਰ ਵੀ ਇਸੇ ਕਿਸਮ ਦੀ ਸੀ।

2.3.4 **ਗਿਲਿਨ ਅਤੇ ਗਿਲਿਨ** ਅਨੁਸਾਰ ਸੰਘਰਸ਼ ਪੰਜ ਕਿਸਮਾਂ ਦਾ ਹੁੰਦਾ ਹੈ। ਜਿਵੇਂ ਕਿ :

**2.3.4.1 ਨਸਲੀ ਸੰਘਰਸ਼ :**

ਸੰਸਾਰ ਵਿਚ ਕਈ ਪ੍ਰਕਾਰ ਦੀਆਂ ਨਸਲਾਂ ਪਾਈਆਂ ਜਾਂਦੀਆਂ ਹਨ ਜਿਵੇਂ ਕਿ ਮੋਗੋਂਲੋਆਇਡ, ਕੋਕੇਸੀਅਨ, ਨੀਗਰੋਆਇਡ ਆਦਿ ਅਤੇ ਹਰੇਕ ਸਮਾਜ ਵਿਚ ਕਈ ਨਸਲਾਂ ਦੇ ਲੋਕ ਰਹਿੰਦੇ ਹਨ। ਇਹਨਾਂ ਨਸਲਾਂ ਵਿਚਕਾਰ ਰੰਗ ਰੂਪ, ਨੈਣ ਨਕਸ਼ਾਂ ਅਤੇ ਵਿਚਾਰਾਂ ਦੀ ਭਿੰਨਤਾ ਦੇ ਆਧਾਰ ਤੇ ਸੰਘਰਸ਼ ਪਾਇਆ ਜਾਂਦਾ ਹੈ ਜਿਵੇਂ ਹਬਸੀਆਂ ਅਤੇ ਗੋਰਿਆਂ ਵਿਚ ਤੇ ਪੂਰਬੀ ਅਤੇ ਪੱਛਮੀ ਨਸਲ ਦੇ ਲੋਕਾਂ ਵਿਚ ਭਿੰਨਤਾ ਦਾ ਸੰਘਰਸ਼ ਪਾਇਆ ਜਾਂਦਾ ਹੈ। ਇਕ ਨਸਲ ਦੇ ਲੋਕ ਆਪਣੇ ਆਪ ਨੂੰ ਦੂਜੇ ਨਾਲੋਂ ਉੱਚਾ ਅਤੇ ਸ੍ਰੇਸ਼ਠ ਸਮਝਦੇ ਹਨ। ਇਸ ਲਈ ਇਸਨੂੰ ਨਸਲੀ ਸੰਘਰਸ਼ ਦਾ ਨਾਂ ਦਿੱਤਾ ਜਾਂਦਾ ਹੈ।

**2.3.4.2 ਜਮਾਤੀ ਜਾਂ ਸ਼੍ਰੇਣੀ ਸੰਘਰਸ਼ :**

ਉੱਘੇ ਚਿੰਤਕ ਕਾਰਲ ਮਾਰਕਸ ਅਨੁਸਾਰ ਜਦੋਂ ਤੋਂ ਵੀ ਸਮਾਜ ਹੋਂਦ ਵਿਚ ਆਇਆ ਹੈ ਇਹ ਦੋ ਜਮਾਤਾਂ ਜਾਂ ਸ਼੍ਰੇਣੀਆਂ ਵਿਚ ਵੰਡਿਆ ਹੁੰਦਾ ਹੈ। ਇਕ ਜਮਾਤ ਉਹ ਜਿਸ ਕੋਲ ਉਤਪਾਦਨ ਦੇ ਸਾਧਨ ਹੁੰਦੇ ਹਨ ਅਤੇ ਦੂਜੀ ਜਮਾਤ ਉਹ ਜਿਸ ਕੋਲ ਆਪਣਾ ਢਿੱਡ ਭਰਨ ਲਈ ਸਿਰਫ ਮਜਦੂਰੀ ਜਾਂ ਮਿਹਨਤ ਹੁੰਦੀ ਹੈ। ਪੂੰਜੀਪਤੀ ਲੋਕਾਂ ਕੋਲ ਪੈਸਾ ਹੁੰਦਾ ਹੈ ਅਤੇ ਮਜਦੂਰ ਕੋਲ ਗਰੀਬੀ। ਪੂੰਜੀਪਤੀ ਵਰਗ ਗਰੀਬ ਜਮਾਤ ਦਾ ਸੋਸ਼ਨ ਕਰਦਾ ਹੈ। ਉਹ ਮਜਦੂਰਾਂ ਤੋਂ ਜ਼ਿਆਦਾ ਕੰਮ ਲੈਂਦਾ ਹੈ ਅਤੇ ਮਜ਼ਦੂਰੀ ਘੱਟ ਦਿੰਦਾ ਹੈ। ਮਜ਼ਦੂਰ ਸਿਰਫ਼ ਦੋ ਵਕਤ ਦੀ ਰੋਟੀ ਬਾਰੇ ਸੋਚਦਾ ਹੈ ਅਤੇ ਪੂੰਜੀਪਤੀ ਹਮੇਸ਼ਾ ਜ਼ਿਆਦਾ ਤੋਂ ਜ਼ਿਆਦਾ ਲਾਭ ਬਾਰੇ

ਸੋਚਦਾ ਹੈ। ਇਹਨਾਂ ਦੋਹਵਾਂ ਵਰਗਾਂ ਜਾਂ ਜਮਾਤਾਂ ਵਿੱਚ ਆਰਥਿਕਤਾ ਭਾਵ ਅਮੀਰੀ ਅਤੇ ਗਰੀਬੀ ਦਾ ਸੰਘਰਸ਼ ਚਲਦਾ ਰਹਿੰਦਾ ਹੈ। ਅੱਜਕਲ੍ਹ ਦੇ ਆਧੁਨਿਕ ਅਤੇ ਜਟਿਲ ਸਮਾਜਾਂ ਵਿਚ ਇਹ ਸੰਘਰਸ਼ ਆਮ ਪਾਇਆ ਜਾਂਦਾ ਹੈ। ਕਾਰਲ ਮਾਰਕਸ ਨੇ ਸੱਚ ਹੀ ਆਖਿਆ ਹੈ ਕਿ ਇਤਿਹਾਸ ਅਸਲ ਵਿਚ ਸੰਘਰਸ਼ ਦਾ ਇਤਿਹਾਸ ਹੀ ਰਿਹਾ ਹੈ।

**2.3.4.3 ਰਾਜਨੈਤਿਕ ਸੰਘਰਸ਼ :**

ਇਸ ਪ੍ਰਕਾਰ ਦਾ ਸੰਘਰਸ਼ ਰਾਜਨੀਤਕ ਖੇਤਰ ਨਾਲ ਜੁੜਿਆ ਹੁੰਦਾ ਹੈ। ਜਦੋਂ ਦੋ ਜਾਂ ਦੋ ਤੋਂ ਵੱਧ ਰਾਜਨੀਤਕ ਪਾਰਟੀਆਂ ਰਾਜ ਸਤ੍ਹਾ ਲਈ ਜੱਦੋ-ਜਹਿਦ ਕਰਦੀਆਂ ਹਨ। ਹਰੇਕ ਰਾਜਨੈਤਿਕ ਦਲ ਦੂਜੇ ਰਾਜਨੈਤਿਕ ਦਲ ਦਾ ਵਿਰੋਧੀ ਹੁੰਦਾ ਹੈ। ਜਿਵੇਂ ਭਾਰਤ ਵਿਚ ਕੇਂਦਰ ਵਿਚ ਸੱਤਾ ਹਥਿਆਉਣ ਲਈ ਕਾਂਗਰਸ, ਭਾਰਤੀ ਜਨਤਾ ਪਾਰਟੀ, ਜਨਤਾ ਪਾਰਟੀ, ਸੀ.ਪੀ.ਐਮ. ਆਦਿ ਵਿਚ ਸੰਘਰਸ਼ ਚਲਦਾ ਰਹਿੰਦਾ ਹੈ। ਰਾਜਾਂ ਦੀਆਂ ਖੇਤਰੀ ਪਾਰਟੀਆਂ ਵਿਚ ਵੀ ਇਸੇ ਤਰ੍ਹਾਂ ਦਾ ਸੰਘਰਸ਼ ਚਲਦਾ ਰਹਿੰਦਾ ਹੈ। ਹਰੇਕ ਦਲ ਦੇ ਲੋਕ ਆਪਣੀ ਪਾਰਟੀ ਨੂੰ ਵਧੀਆ ਅਤੇ ਦੂਜੇ ਨੂੰ ਮਾੜਾ ਸਮਝਦੇ ਹਨ। ਕਈ ਵਾਰ ਉਹ ਦੂਜੀ ਪਾਰਟੀ ਦਾ ਨੁਕਸਾਨ ਕਰਨ ਲਈ ਹਿੰਸਾ ਤੇ ਵੀ ਉਤਰ ਆਉਂਦੇ ਹਨ।

**2.3.4.4 ਅੰਤਰ ਰਾਸ਼ਟਰੀ-ਸੰਘਰਸ਼ :**

ਜਦੋਂ ਵੀ ਵੱਖ-ਵੱਖ ਦੇਸ਼ਾਂ ਵਿਚਕਾਰ ਸੰਘਰਸ਼ ਪੈਦਾ ਹੋ ਜਾਂਦਾ ਹੈ ਤਾਂ ਇਸਨੂੰ ਅੰਤਰ ਰਾਸ਼ਟਰੀ ਸੰਘਰਸ਼ ਦਾ ਨਾਂ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੇ ਸੰਘਰਸ਼ ਦੇ ਸਿੱਟੇ ਭਿਆਨਕ ਹੁੰਦੇ ਹਨ ਕਿਉਂਕਿ ਇਸ ਵਿਚ ਜਾਨ ਅਤੇ ਮਾਲ ਦਾ ਭਾਰੀ ਨੁਕਸਾਨ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਅਫਗਾਨੀਸਤਾਨ-ਅਮਰੀਕਾ, ਇਰਾਨ ਤੇ ਇਰਾਕ, ਇਰਾਕ ਅਤੇ ਅਮਰੀਕਾ, ਭਾਰਤ ਅਤੇ ਪਾਕਿਸਤਾਨ ਦੇਸ਼ਾਂ ਵਿਚਕਾਰ ਚੱਲ ਰਹੇ ਸੰਘਰਸ਼ ਜੋ ਯੁੱਧ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ, ਨਾਲ ਬਹੁਤ ਜ਼ਿਆਦਾ ਜਾਨ-ਮਾਲ ਦਾ ਨੁਕਸਾਨ ਭੁਗਤਣਾ ਪਿਆ ਹੈ।

**2.3.4.5 ਨਿੱਜੀ ਜਾਂ ਵਿਅਕਤੀ ਸੰਘਰਸ਼ :**

ਇਸ ਤਰ੍ਹਾਂ ਦਾ ਸੰਘਰਸ਼ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚ ਪਾਇਆ ਜਾਂਦਾ ਹੈ। ਇਹ ਵਿਅਕਤੀਗਤ ਸਮੱਸਿਆਵਾਂ ਕਰਕੇ ਪੈਦਾ ਹੁੰਦਾ ਹੈ। ਜਿਵੇਂ ਜਮਾਤ ਦੇ ਦੋ ਵਿਦਿਆਰਥੀਆਂ ਵਿਚ, ਇੱਕੋ ਟੀਮ ਦੇ ਦੋ ਖਿਡਾਰੀਆਂ ਵਿਚ, ਇਕ ਵਰਗ ਦੇ ਦੋ ਵਿਅਕਤੀਆਂ ਵਿਚ ਜਾਂ ਫਿਰ ਇਕ ਪਰਿਵਾਰ ਦੇ ਦੋ ਮੈਂਬਰਾਂ ਵਿਚ। ਕਈ ਵਾਰ ਜ਼ਮੀਨ ਜਾਇਦਾਦ, ਪੈਸੇ ਕਰਕੇ ਪਰਿਵਾਰ ਦੇ ਮੈਂਬਰਾਂ ਵਿਚ ਵਿਵਾਦ ਖੜ੍ਹਾ ਹੋ ਜਾਂਦਾ ਹੈ ਅਤੇ ਇਹ ਸੰਘਰਸ਼ ਕਈ ਵਾਰ ਜਾਨਲੇਵਾ ਵੀ ਸਾਬਿਤ ਹੁੰਦਾ ਹੈ।

ਇਸ ਤੋਂ ਇਲਾਵਾ ਸੰਘਰਸ਼ ਦੇ ਹੋਰ ਵੀ ਲਾਭਕਾਰੀ ਅਤੇ ਹਾਨੀਕਾਰਕ ਨਤੀਜੇ ਹੁੰਦੇ ਹਨ ਜਿਵੇਂ ਕਿ ਕਈ ਵਾਰ ਸੰਘਰਸ਼ ਸਮਾਜਿਕ ਸਥਿਰਤਾ ਪੈਦਾ ਕਰਨ, ਕਾਨੂੰਨਾਂ ਦੀ ਵਿਵਸਥਾ ਕਾਇਮ ਰੱਖਣ ਅਤੇ ਸਮਾਜਿਕ ਪਰਿਵਰਤਨ ਲਿਆਉਣ ਵਿੱਚ ਸਹਾਈ ਹੁੰਦਾ ਹੈ ਅਤੇ ਦੂਜੇ ਪਾਸੇ ਇਹ ਸ਼ਾਂਤੀ ਭੰਗ ਕਰਦਾ ਹੈ, ਸਰਕਾਰੀ ਅਤੇ ਨਿੱਜੀ ਸੰਪਤੀ ਦਾ ਨੁਕਸਾਨ ਕਰਵਾਉਂਦਾ ਹੈ, ਵਿਅਕਤੀ ਨੂੰ ਮਨੋਵਿਗਿਆਨਕ ਤੌਰ ਤੇ ਕਮਜ਼ੋਰ ਕਰਦਾ ਹੈ ਆਦਿ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸੰਘਰਸ਼ ਦੇ ਸਾਕਾਰਾਤਮਕ ਅਤੇ ਨਾਕਾਰਾਤਮਕ ਦੋਵੇਂ ਪਹਿਲੂ ਹਨ।

**ਆਪਣਾ ਗਿਆਨ ਪਰਖੋ :**

(ੳ) ਸੰਘਰਸ਼ ਤੋਂ ਤੁਹਾਡਾ ਕੀ ਭਾਵ ਹੈ?

..........................................................................................................

..........................................................................................................

..........................................................................................................

(ਅ) ਸੰਘਰਸ਼ ਦੀਆਂ ਚਾਰ ਵਿਸ਼ੇਸ਼ਤਾਈਆਂ ਦੱਸੋ।

..........................................................................................................

..........................................................................................................

..........................................................................................................

(ੲ) ਸੰਘਰਸ਼ ਦੇ ਚਾਰ ਕਿਸਮਾਂ ਦੇ ਨਾਂ ਦਿਓ।

..........................................................................................................

..........................................................................................................

..........................................................................................................

(ਸ) ਜਮਾਤੀ ਸੰਘਰਸ਼ ਤੋਂ ਕੀ ਭਾਵ ਹੈ?

..........................................................................................................

..........................................................................................................

..........................................................................................................

## 2.4 ਸੰਘਰਸ਼ ਅਤੇ ਪ੍ਰਤੀਯੋਗਤਾ ਵਿਚ ਅੰਤਰ :

ਜਿਵੇਂ ਕਿ ਉਪਰ ਬਿਆਨ ਕਰ ਚੁੱਕੇ ਹਾਂ ਕਿ ਪ੍ਰਤਿਯੋਗਤਾ ਅਤੇ ਸੰਘਰਸ਼ ਦੋਵੇਂ ਅਸੰਗਠਿਤ ਜਾਂ ਅਲੱਗ ਕਰਨ ਵਾਲੀਆਂ ਪ੍ਰਕ੍ਰਿਆਵਾਂ ਹਨ। ਜੋ ਵਿਅਕਤੀਆਂ ਨੂੰ ਇਕ ਦੂਜੇ ਤੋਂ ਦੂਰ ਕਰਦੀਆਂ ਹਨ। ਇਸ ਦਾ ਅਰਥ ਇਹ ਹੋਇਆ ਕਿ ਇਹਨਾਂ ਦੋਵੇਂ ਕਿਸਮ ਦੀਆਂ ਪ੍ਰਕ੍ਰਿਆਵਾਂ ਦੀ ਪ੍ਰਕ੍ਰਿਤੀ ਇੱਕੋ ਜਿਹੀ ਹੈ। ਇਸਦੇ ਬਾਵਜੂਦ ਦੋਹਾਂ ਵਿਚਕਾਰ ਕੁਝ ਅੰਤਰ ਵੀ ਪਾਏ ਜਾਂਦੇ ਹਨ। ਪਾਰਕ ਅਤੇ ਬਰਗਸ ਨੇ ਇਨ੍ਹਾਂ ਦਾ ਅੰਤਰ ਦੱਸਦੇ ਹੋਏ ਲਿਖਿਆ ਹੈ ਕਿ, ''ਕੁਝ ਵੀ ਹੋਵੇ ਮੁਕਾਬਲੇਬਾਜੀ ਗਤੀਸ਼ੀਲ ਅਤੇ ਗੈਰ-ਨਿਜੀ ਹੁੰਦੀ ਹੈ ਜਦੋਂ ਕਿ ਸੰਘਰਸ਼ ਗਤੀਸ਼ੀਲ ਅਤੇ ਨਿਜੀ ਹੁੰਦਾ ਹੈ।'' ਆਓ ਇਹਨਾਂ ਦੋਵਾਂ ਦੇ ਕੁਝ ਹੋਰ ਅੰਤਰ ਵੇਖੀਏ :

| | ਸੰਘਰਸ਼ | ਪ੍ਰਤਿਯੋਗਤਾ ਜਾਂ ਮੁਕਾਬਲਾ |
|---|---|---|
| (ੳ) | **ਚੇਤਨਤਾ** : ਸੰਘਰਸ਼ ਦੀ ਪ੍ਰਕ੍ਰਿਆ ਚੇਤਨ ਪ੍ਰਕ੍ਰਿਆ ਹੈ। ਜਿਸ ਵਿਚ ਵਿਅਕਤੀ ਦੂਜੇ ਪ੍ਰਤੀ ਚੇਤੰਨ ਹੁੰਦਾ ਹੈ ਕਿ ਉਹ ਕਿਸ ਨਾਲ ਸੰਘਰਸ਼ ਕਰ ਰਿਹਾ ਹੈ। | **ਅਚੇਤਨਤਾ** : ਪ੍ਰਤਿਯੋਗਤਾ ਜਾਂ ਮੁਕਾਬਲੇ ਵਿਚ ਵਿਅਕਤੀ ਆਪਣੇ ਪ੍ਰਤਿਯੋਗੀਆਂ ਬਾਰੇ ਜਾਣਦਾ ਨਹੀਂ ਹੁੰਦਾ। ਨਾ ਹੀ ਉਹ ਉਹਨਾਂ ਦੇ ਸੰਪਰਕ ਵਿਚ ਹੁੰਦਾ ਹੈ। ਕੇਵਲ ਆਪਣੇ ਉਦੇਸ਼ ਦੀ ਪੂਰਤੀ ਲਈ ਉਹ ਮੁਕਾਬਲਾ ਕਰਦਾ ਹੈ। |
| (ਅ) | **ਹਿੰਸਾਤਮਕ** : ਸੰਘਰਸ਼ ਹਿੰਸਾਤਮਕ ਪ੍ਰਕ੍ਰਿਆ ਹੈ। ਵਿਅਕਤੀ ਜਾਣ ਬੁਝ ਕੇ ਦੂਜੇ ਦਾ ਨੁਕਸਾਨ ਕਰਦਾ ਹੈ ਤਾਂ ਕਿ ਉਸਨੂੰ ਕਮਜ਼ੋਰ ਕੀਤਾ ਜਾ ਸਕੇ ਤੇ ਹਰਾਇਆ ਜਾ ਸਕੇ। | **ਅਹਿੰਸਾਤਮਕ** : ਪ੍ਰਤਿਯੋਗਤਾ ਦਾ ਉਦੇਸ਼ ਸਵਾਰਥ ਦੀ ਪੂਰਤੀ ਹੈ ਨਾ ਕਿ ਵਿਰੋਧੀ ਨੂੰ ਹਾਨੀ ਜਾਂ ਨੁਕਸਾਨ ਪਹੁੰਚਾਉਣ ਦੀ। ਕਿਸੇ ਗਲਤ ਤਰੀਕੇ ਦਾ ਇਸਤੇਮਾਲ ਨਹੀਂ ਕੀਤਾ ਜਾਂਦਾ ਕਿਉਂਕਿ ਇੰਝ ਕਰਨ ਨਾਲ ਪ੍ਰਤਿਯੋਗੀ ਨੂੰ ਪ੍ਰਤਿਯੋਗਤਾ ਚੋਂ ਬਾਹਰ ਕੱਢ ਦਿੱਤਾ ਜਾਵੇਗਾ। |
| (ੲ) | **ਅਨਿਰੰਤਰ** : ਸੰਘਰਸ਼ ਦੀ ਪ੍ਰਕ੍ਰਿਆ ਰੁਕ ਰੁਕ ਕੇ ਚਲਣ ਵਾਲੀ ਪ੍ਰਕ੍ਰਿਆ ਹੈ। ਕਦੇ ਤੇਜ ਹੋ ਜਾਂਦੀ ਹੈ ਅਤੇ ਕਦੇ ਬਿਲਕੁਲ ਖਤਮ। | **ਨਿਰੰਤਰ** : ਪ੍ਰਤਿਯੋਗਤਾ ਨਿਰੰਤਰ ਜਾਂ ਲਗਾਤਾਰ ਚਲਣ ਵਾਲੀ ਪ੍ਰਕ੍ਰਿਆ ਹੈ। ਇਹ ਸਮਾਜ ਦੇ ਹਰੇਕ ਖੇਤਰ ਵਿਚ ਪਾਈ ਜਾਂਦੀ ਹੈ। |
| (ਸ) | **ਅਸੰਗਠਿਤ** : ਸੰਘਰਸ਼ ਸਮਾਜ ਵਿਚ ਵਿਘਟਨ ਪੈਦਾ ਕਰਦਾ ਹੈ। ਇਕ ਆਪਣੀ ਤਾਕਤ ਦਾ ਇਸਤੇਮਾਲ ਕਰਕੇ ਦੂਜੇ ਦਾ ਜਾਨੀ ਤੇ ਮਾਲੀ ਨੁਕਸਾਨ ਕਰਦਾ ਹੈ। ਇਹ ਲੋਕਾਂ ਵਿਚ ਵਿਰੋਧ ਪੈਦਾ ਕਰਕੇ ਉਹਨਾਂ ਨੂੰ ਇੱਕ ਦੂਜੇ ਤੋਂ ਦੂਰ ਕਰਦਾ ਹੈ। | **ਸੰਗਠਿਤ** : ਬੇਸ਼ਕ ਇਹ ਵੀ ਪ੍ਰਿਥਕ ਜਾਂ ਅਲਗ ਕਰਨ ਵਾਲੀ ਪ੍ਰਕ੍ਰਿਆ ਹੈ। ਪ੍ਰੰਤੂ ਇਹ ਸਮਾਜ ਦੇ ਭਲੇ ਲਈ ਹੈ ਇਸ ਨਾਲ ਸੰਗਠਨ ਬਣਿਆ ਰਹਿੰਦਾ ਹੈ। ਕਿਉਂਕਿ ਸਮਾਜ ਦੇ ਸਾਰੇ ਵਿਅਕਤੀ ਇਸਨੂੰ ਸਵੀਕਾਰ ਕਰਦੇ ਹਨ। ਮੌਜੂਦਾ ਪੱਦ ਅਤੇ ਭੂਮਿਕਾ ਦੀ ਵੰਡ ਵੀ ਇਸੇ ਤੇ ਆਧਾਰਿਤ ਹੈ। |
| (ਹ) | **ਨਿਯਮਾਂ ਦੀ ਅਵੱਗਿਆ**: ਸੰਘਰਸ਼ ਦੀ ਪ੍ਰਕ੍ਰਿਆ ਵਿਚ ਸਮਾਜ ਦੁਆਰਾ ਬਣਾਏ ਨਿਯਮਾਂ, ਆਦਰਸ਼ਾਂ, ਕਦਰਾਂ ਕੀਮਤਾਂ ਨੂੰ ਤੋੜ | **ਨਿਯਮਾਂ ਦਾ ਪਾਲਣ** : ਪ੍ਰਤਿਯੋਗਤਾ ਦੀ ਪ੍ਰਕ੍ਰਿਆ ਵਿਚ ਨਿਸ਼ਚਿਤ ਨਿਯਮਾਂ ਅਨੁਸਾਰ ਭਾਗ ਲਿਆ ਜਾਂਦਾ ਹੈ। |

| | | |
|---|---|---|
| | ਕੇ ਆਪਣੇ ਨਿਜੀ ਸੁਆਰਥ ਦੀ ਪੂਰਤੀ ਕੀਤੀ ਜਾਂਦੀ ਹੈ। | |
| (ਕ) | **ਸਮਾਜਿਕ ਵਿਵਸਥਾ ਤੇ ਪ੍ਰਭਾਵ** :ਸਮਾਜ ਨੂੰ ਠੀਕ ਤਰੀਕੇ ਨਾਲ ਚਲਾਉਣ ਲਈ ਸੰਘਰਸ਼ ਦੀ ਪ੍ਰਕ੍ਰਿਆ ਕਈ ਵਾਰ ਰੁਕਾਵਟ ਬਣ ਜਾਂਦੀ ਹੈ ਅਤੇ ਇਸਦਾ ਸਮਾਜਿਕ ਵਿਵਸਥਾ ਤੇ ਬੁਰਾ ਪ੍ਰਭਾਵ ਪੈਂਦਾ ਹੈ। | ਪ੍ਰਤਿਯੋਗਤਾ ਨਾਲ ਸਮਾਜ ਦਾ ਸਰਵਪੱਖੀ ਵਿਕਾਸ ਹੁੰਦਾ ਹੈ ਅਤੇ ਇਹ ਵਿਅਕਤੀਆਂ ਵਿਚ ਉਤਸ਼ਾਹ ਪੈਦਾ ਕਰਦੀ ਹੈ ਤਾਂਕਿ ਉਹ ਹੋਰ ਤਰੱਕੀ ਲਈ ਅੱਗੇ ਵੱਧਣ। |
| (ਖ) | **ਗਲਤ ਤਰੀਕਿਆਂ ਦਾ ਪ੍ਰਯੋਗ** : ਸੰਘਰਸ਼ ਦੀ ਪ੍ਰਕ੍ਰਿਆ ਵਿਚ ਵਿਅਕਤੀ ਗਲਤ ਤਰੀਕੇ ਅਪਣਾ ਕੇ ਆਪਣੇ ਉਦੇਸ਼ਾਂ ਦੀ ਪੂਰਤੀ ਕਰਦਾ ਹੈ। | ਪ੍ਰਤਿਯੋਗਤਾ ਵਿਚ ਵਿਅਕਤੀ ਮਿਹਨਤ ਕਰਦਾ ਹੈ ਅਤੇ ਉਹ ਮਿਹਨਤ ਦੇ ਸਿਰਤੇ ਆਪਦੇ ਉਦੇਸ਼ ਪ੍ਰਾਪਤ ਕਰਦਾ ਹੈ। |

ਉਪਰੋਕਤ ਚਰਚਾ ਤੋਂ ਇਹ ਪਤਾ ਚਲਦਾ ਹੈ ਕਿ ਸੰਘਰਸ਼ ਅਤੇ ਪ੍ਰਤਿਯੋਗਤਾ ਅਲੱਗ ਕਰਨ ਵਾਲੀਆਂ ਜਾਂ ਵਿਘਟਨ ਪਾਉਣ ਵਾਲੀਆਂ ਪ੍ਰਕ੍ਰਿਆਵਾਂ ਹਨ। ਇਹਨਾਂ ਦੋਵਾਂ ਵਿਚ ਕਾਫ਼ੀ ਅੰਤਰ ਹੋਣ ਦੇ ਬਾਵਜੂਦ ਇਹਨਾਂ ਦੀ ਪ੍ਰਕ੍ਰਿਤੀ ਇਕੋ ਜਿਹੀ ਹੈ।

## 2.5 ਸਾਰ :

ਉਪਰੋਕਤ ਵਿਸ਼ਲੇਸ਼ਨ ਤੋਂ ਸਪਸ਼ਟ ਹੈ ਕਿ ਸਮਾਜ ਦੇ ਸਮਤੋਲ ਅਤੇ ਵਿਕਾਸ ਲਈ ਜਿਥੇ ਏਕੀਕਰਨ ਕਰਨ ਵਾਲੀਆਂ ਪ੍ਰਕ੍ਰਿਆਵਾਂ ਦੀ ਭੂਮਿਕਾ ਹੈ ਉਥੇ ਸਮਾਜ ਵਿਚ ਪ੍ਰਿਥਕ ਕਰਨ ਵਾਲੀਆਂ ਪ੍ਰਕ੍ਰਿਆਵਾਂ ਦਾ ਉਨ੍ਹਾਂ ਹੀ ਰੋਲ ਹੈ। ਇਸੇ ਲਈ ਉਪਰ ਪ੍ਰਿਥਕ ਕਰਨ ਵਾਲੀਆਂ ਪ੍ਰਕ੍ਰਿਆਵਾਂ ਵਿਚੋਂ ਪ੍ਰਮੁੱਖ ਪ੍ਰਤਿਯੋਗਤਾ ਅਤੇ ਸੰਘਰਸ਼ ਦਾ ਬਹੁਤ ਹੀ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਜਿਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਸਮਾਜ ਵਿਚ ਲੋਕ ਪ੍ਰਤਿਯੋਗਤਾ ਵਿਚ ਕਦੋਂ ਆਉਂਦੇ ਹਨ। ਕਿਹੜੀ ਗੱਲ ਹੈ ਜੋ ਉਸ ਨੂੰ ਪ੍ਰਤਿਯੋਗਤਾ ਵਿਚ ਲਿਆਉਣ ਲਈ ਪ੍ਰੇਰਦੀ ਹੈ। ਪ੍ਰਤਿਯੋਗਤਾ ਕਿੰਨੀ ਤਰ੍ਹਾਂ ਦੀ ਹੁੰਦੀ ਹੈ। ਪਾਠ ਦੇ ਦੂਸਰੇ ਹਿੱਸੇ ਨੂੰ ਵੇਖਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਸੰਘਰਸ਼ ਕੀ ਹੁੰਦਾ ਹੈ? ਇਸਦਾ ਪ੍ਰਤਿਯੋਗਤਾ ਨਾਲ ਕੀ ਫਰਕ ਹੈ? ਇਹ ਕਿੰਨੀ ਤਰ੍ਹਾਂ ਦਾ ਹੁੰਦਾ ਹੈ ਤੇ ਇਸ ਦਾ ਸਮਾਜ ਵਿਚ ਕੀ ਰੋਲ ਹੁੰਦਾ ਹੈ?

## 2.6 ਮੁੱਖ ਸ਼ਬਦ :

| | | |
|---|---|---|
| **ਸਮਾਜਕ ਕਾਰਜ** | : | ਕਿਸੇ ਵਿਅਕਤੀ ਦਾ ਅਰਥ ਭਰਪੂਰ ਵਤੀਰਾ |
| **ਅੰਤਰ ਕ੍ਰਿਆ** | : | ਕਿਸੇ ਦੂਜੇ ਵਿਅਕਤੀ ਨੂੰ ਪ੍ਰਭਾਵਿਤ ਕਰਨ ਵਾਲਾ ਵਿਵਹਾਰ |
| **ਸੰਪਰਕ** | : | ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚਕਾਰ ਆਪਸੀ ਜਾਗਰੂਕਤਾ ਅਤੇ ਸੰਚਾਰ ਦੀ ਸਥਾਪਨਾ। |
| **ਸੰਚਾਰ** | : | ਇੱਕ ਵਿਅਕਤੀ ਤੋਂ ਦੂਸਰੇ ਵਿਅਕਤੀ ਤੱਕ ਵਿਚਾਰਾਂ, ਵਿਵਹਾਰਾਂ, ਭਾਵਨਾਵਾਂ ਅਤੇ ਜਾਣਕਾਰੀ ਦਾ ਪਹੁੰਚਣਾ। |
| **ਲੋਕ ਰੀਤਾਂ** | : | ਵਿਵਹਾਰ ਦੇ ਉਹ ਤਰੀਕੇ ਜੋ ਰੋਜ਼ ਮਰ੍ਹਾ ਦੀ ਜ਼ਿੰਦਗੀ ਅਤੇ ਪਰਸਪਤ ਕ੍ਰਿਆ ਨੂੰ ਨਿਯੰਤਰਿਤ ਕਰਦੇ ਹਨ ਜਿਵੇਂ ਕਿ ਕਿਸੇ ਨੂੰ ਸੰਬੋਧਨ ਕਰਨ ਦਾ ਢੰਗ |
| **ਲੋਕਾਚਾਰ** | : | ਵਿਵਹਾਰ ਦੇ ਉਹ ਢੰਗ ਜੋ ਸਮਾਜ ਦੇ ਭਲੇ ਲਈ ਜ਼ਰੂਰੀ ਹੁੰਦੇ ਹਨ ਜਿਵੇਂ ਚੋਰੀ ਨਾ ਕਰਨਾ, ਅਹਿੰਸਾ ਆਦਿ। |
| **ਸੰਸਕ੍ਰਿਤੀ** | : | ਜਿਸ ਵਿੱਚ ਵਿਅਕਤੀਆਂ ਦੇ ਰਹਿਣ ਸਹਿਣ ਦਾ ਢੰਗ, ਰੀਤੀ ਰਿਵਾਜ ਤੇ ਵਿਸ਼ਵਾਸ ਸ਼ਾਮਿਲ ਹੋਣ। |
| **ਸਮਾਜ** | : | ਇਕ ਖਾਸ ਜਗ੍ਹਾ ਤੇ ਰਹਿ ਰਹੇ ਲੋਕਾਂ ਦਾ ਇਕੱਠ ਜੋ ਕਾਰਜ ਕਰਦੇ ਹੋਏ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ, ਜਿਨ੍ਹਾਂ ਦੀ ਇੱਕ ਵੱਖਰੀ ਪਹਿਚਾਣ, ਵਿਸ਼ੇਸ਼ ਸੰਸਕ੍ਰਿਤੀ ਅਤੇ ਏਕੇ ਦੀ ਭਾਵਨਾ ਹੁੰਦੀ ਹੈ। |
| **ਨਸਲ** | : | ਸਰੀਰਕ ਵਿਸ਼ੇਸ਼ਤਾਈਆਂ ਜਿਵੇਂ ਰੰਗ, ਵਾਲ, ਕੱਦ ਆਦਿ ਦੇ ਆਧਾਰ ਤੇ ਮਨੁੱਖਤਾ ਦੀ ਵੱਖ ਵੱਖ ਭਾਗਾਂ ਤੇ ਉਪਭਾਗਾਂ ਵਿੱਚ ਵੰਡ। |

**ਪ੍ਰਤਿਸ਼ਠਾ** : ਉਹ ਰੁੱਤਬਾ ਜਿਸ ਨਾਲ ਇਕ ਖਾਸ ਕਿਸਮ ਦੀ ਪਹਿਚਾਣ, ਆਦਰ ਅਤੇ ਪ੍ਰਸ਼ੰਸਾ ਜੁੜੀ ਹੋਵੇ।

## 2.7 ਅਭਿਆਸ ਲਈ ਪ੍ਰਸ਼ਨ :

1. ਪ੍ਰਿਥਕ ਕਰਨ ਵਾਲੀਆਂ ਪ੍ਰਕ੍ਰਿਆਵਾਂ ਕੀ ਹੁੰਦੀਆਂ ਹਨ ਅਤੇ ਇਹ ਕਿੰਨੀ ਪ੍ਰਕਾਰ ਦੀਆਂ ਹੁੰਦੀਆਂ ਹਨ? ਖੋਲ੍ਹ ਕੇ ਲਿਖੋ।
2. ਪ੍ਰਤਿਯੋਗਤਾ ਤੋਂ ਕੀ ਭਾਵ ਹੈ? ਇਸਦੀ ਪ੍ਰਕ੍ਰਿਤੀ ਕੀ ਹੈ?
3. ਸੰਘਰਸ਼ ਨੂੰ ਪਰਿਭਾਸ਼ਤ ਕਰੋ ਅਤੇ ਇਸ ਦੇ ਮੁੱਖ ਰੂਪਾਂ ਦਾ ਵਰਨਣ ਕਰੋ।

**ਸੰਖੇਪ ਸਵਾਲ** :

(ੳ) ਪ੍ਰਤਿਯੋਗਤਾ ਕਿਸਨੂੰ ਆਖਦੇ ਹਨ? ਇਸ ਦੀਆਂ ਚਾਰ ਵਿਸ਼ੇਸ਼ਤਾਈਆਂ ਲਿਖੋ।

(ਅ) ਕੋਈ ਚਾਰ ਕਿਸਮਾਂ ਦੀ ਪ੍ਰਤਿਯੋਗਤਾ ਬਿਆਨ ਕਰੋ।

(ੲ) ਸੰਘਰਸ਼ ਤੋਂ ਕੀ ਭਾਵ ਹੈ? ਗਿਲਿਨ ਅਤੇ ਗਿਲਿਨ ਨੇ ਸੰਘਰਸ਼ ਦੀਆਂ ਕਿੰਨੀਆਂ ਕਿਸਮਾਂ ਦਾ ਬਿਆਨ ਕੀਤਾ ਹੈ?

(ਸ) ਸੰਘਰਸ਼ ਦੀਆਂ ਚਾਰ ਕਿਸਮਾਂ ਦੱਸੋ।

## 2.8 ਉਪਯੋਗੀ ਪੁਸਤਕਾਂ :


1. Kingsley Davis : "Human Society". The Macmillan Company.
2. Gisbert : "Fundamentals of Sociology", Orient Longmen.
3. Samuel Koening : Sociology : An Introduction to the Science of Society", New York L Barnes and Noble.
4. Ogburn and Nimkoff : "A Handbook of Sociology", New Delhi Chand and Company Ltd.
5. Savinderjit Kaur : "Samaj Vigan De Mool Sankalp" Punjabi University, Patiala.
6. Shankar Rao C.N. : Sociology, S. Chand, Delhi.
7. http://en.wikipedia.org : Wikipedia, the free encyclopedia.

ਪਾਠ ਨੰ: 1.3 ਲੇਖਕ : ਡਾ. ਪਲਵਿੰਦਰ ਸਿੰਘ

# ਸਮਾਜਿਕ ਸਮੂਹ
# (Social Groups)

ਬਣਤਰ

3.0 ਉਦੇਸ਼
3.1 ਜਾਣ ਪਛਾਣ
3.2 ਪਰਿਭਾਸ਼ਾਵਾਂ
3.3 ਵਿਸ਼ੇਸਤਾਵਾਂ
3.3.1 ਸਮੂਹ ਦੇ ਮੈਂਬਰਾਂ ਦੀ ਗਿਣਤੀ
3.3.2 ਸਮਾਜਕ ਸੰਬੰਧ
3.3.3 ਪ੍ਰਸਥਿਤੀਆਂ
3.3.4 ਅਰਥ ਭਰਪੂਰ ਪ੍ਰਕ੍ਰਿਆ
3.3.5 ਸਾਂਝੇ ਹਿਤ
3.3.6 ਸਮਾਂ ਅਤੇ ਸਥਾਨ
3.3.7 ਸਥਿਤੀ ਅਤੇ ਭੂਮਿਕਾ
3.3.8 ਨਿਯੰਤਰਣ
3.3.9 ਵਿਚਾਰਾਂ ਦੀ ਸਮਾਨਤਾ ਜਾਂ ਨੇੜਤਾ
3.4 ਸਮੂਹਾਂ ਦਾ ਵਰਗੀਕਰਣ
3.4.1 ਸਮਨਰ ਅਨੁਸਾਰ ਵੰਡ
3.4.2 ਕੂਲੇ ਅਨੁਸਾਰ ਵੰਡ
3.4.3 ਸੌਰੋਕਿਨ ਅਨੁਸਾਰ ਵੰਡ
3.4.4 ਐਚ.ਏ. ਅਲਵੁਡ ਅਨੁਸਾਰ ਵੰਡ
3.4.5 ਐਲ.ਵੌਨ ਵਾਈਜ ਅਤੇ ਹਾਵਰਡ ਬੇਕਰ ਅਨੁਸਾਰ ਵੰਡ
3.4.6 ਜਾਨ ਲਿਊਇਸ ਗਿਲਨ ਅਤੇ ਜੌਨ ਫਿਲਿਪ ਗਿਲਿਨ ਅਨੁਸਾਰ ਵੰਡ
3.5 ਸਿੱਟਾ
3.6 ਮੁੱਖ ਸ਼ਬਦ
3.7 ਅਭਿਆਸ ਲਈ ਪ੍ਰਸ਼ਨ
3.8 ਉਪਯੋਗੀ ਪੁਸਤਕਾਂ

## 3.0 ਉਦੇਸ਼ (Objectives) :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਯੋਗ ਹੋਵੇਗਾ ਕਿ :

* ਉਹ ਸਮਾਜਿਕ ਸਮੂਹਾਂ ਨੂੰ ਪਰਿਭਾਸ਼ਤ ਕਰ ਸਕੇ।
* ਸਮਾਜਿਕ ਸਮੂਹਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਬਿਆਨ ਕਰ ਸਕੇ।
* ਸਮੂਹਾਂ ਦੀਆਂ ਕਿਸਮਾਂ ਤੇ ਰੌਸ਼ਨੀ ਪਾ ਸਕੇ।

## 3.1 ਜਾਣ ਪਛਾਣ (Introduction) :

ਅਸੀਂ ਪਾਠ ਨੰ: 1 ਅਤੇ 2 ਵਿਚ ਸਮਾਜਕ ਅੰਤਰ-ਕ੍ਰਿਆ ਅਤੇ ਸਮਾਜਕ ਪ੍ਰਕ੍ਰਿਆਵਾਂ ਬਾਰੇ ਖੁਲ ਕੇ ਚਰਚਾ ਕਰ ਚੁੱਕੇ ਹਾਂ ਕਿ ਜੋ ਵਿਅਕਤੀਆਂ ਅਤੇ ਸਮੂਹਾਂ ਵਿਚ ਵਾਪਰਦੀਆਂ ਹਨ। ਇਨ੍ਹਾਂ ਬਾਰੇ ਵੱਖ-ਵੱਖ ਵਿਚਾਰਵਾਨਾਂ

ਦੇ ਕੀ ਵਿਚਾਰ ਹਨ ਅਤੇ ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਕਿਸਮਾਂ ਦਾ ਗਿਆਨ ਹਾਸਿਲ ਕਰਨ ਤੋਂ ਬਾਅਦ ਆਓ ਹੁਣ ਸਮਾਜਿਕ ਸਮੂਹਾਂ ਬਾਰੇ ਜਾਣਕਾਰੀ ਹਾਸਿਲ ਕਰੀਏ।

ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ ਭਾਵ ਮਨੁੱਖ ਸਮਾਜ ਵਿਚ ਹੀ ਜਨਮ ਲੈਂਦਾ ਹੈ, ਸਮਾਜ ਵਿਚ ਹੀ ਉਸ ਦੀ ਪਰਵਰਿਸ਼ ਹੁੰਦੀ ਹੈ, ਸਮਾਜ ਵਿਚ ਹੀ ਆਪਣੇ ਕਾਰਜ ਕਰਦਾ ਹੈ ਅਤੇ ਸਮਾਜ ਵਿੱਚ ਹੀ ਆਪਣੀਆਂ ਭੂਮਿਕਾਵਾਂ ਨਿਭਾਉਂਦਾ ਹੈ। ਇਸ ਦਾ ਭਾਵ ਹੋਇਆ ਕਿ ਮਨੁੱਖ ਸਮਾਜ ਤੋਂ ਬਿਨ੍ਹਾਂ ਰਹਿ ਹੀ ਨਹੀਂ ਸਕਦਾ। ਸਮਾਜ ਕੀ ਹੈ ? ਸਮਾਜ ਵਿਅਕਤੀਆਂ ਅਤੇ ਸਮੂਹਾਂ ਦਾ ਇੱਕਠ ਹੁੰਦਾ ਹੈ। ਜਿਸ ਵਿਚ ਉਹ ਕਾਰਜ ਕਰਦੇ ਹੋਏ ਇੱਕ ਦੂਜੇ ਨੂੰ ਪ੍ਰਭਾਵਤ ਕਰਦੇ ਹਨ। ਜਿਸ ਵਿੱਚ ਸਭ ਤੋਂ ਛੋਟੀ ਇਕਾਈ ਆਦਮੀ ਹੁੰਦਾ ਹੈ। ਇਸ ਦਾ ਭਾਵ ਹੋਇਆ ਕਿ ਆਦਮੀ ਇਕੱਲਾ ਨਹੀਂ ਰਹਿ ਸਕਦਾ। ਉਸ ਨੂੰ ਜਿਉਣ ਲਈ, ਰੋਜ਼ੀ ਰੋਟੀ ਕਮਾਉਣ ਲਈ, ਆਪਣੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ ਦੂਸਰਿਆਂ ਤੇ ਨਿਰਭਰ ਹੋਣਾ ਪੈਂਦਾ ਹੈ। ਜਿਵੇਂ ਕਿਸਾਨ ਸਿਰਫ ਅਨਾਜ ਉਗਾਉਂਦਾ ਹੈ, ਉਸ ਨੂੰ ਖੇਤੀ ਸੰਬੰਧੀ ਅਤੇ ਹੋਰ ਲੋੜਾਂ ਲਈ ਦੂਸਰਿਆਂ (ਉਦਯੋਗਾਂ, ਵਿਉਪਾਰੀਆਂ, ਦੁਕਾਨਦਾਰਾਂ, ਤਰਖਾਣਾਂ, ਲੋਹਾਰਾਂ ਆਦਿ) ਤੇ ਨਿਰਭਰ ਹੋਣਾ ਪੈਂਦਾ ਹੈ। ਪਰਿਵਾਰ ਵਿਚ ਕੋਈ ਵੀ ਮੈਂਬਰ ਇਕੱਲਾ ਨਹੀਂ ਰਹਿ ਸਕਦਾ। ਉਨ੍ਹਾਂ ਨੂੰ ਇਕ ਦੂਜੇ ਦੀ ਜ਼ਰੂਰਤ ਹੈ ਕਿਉਂਕਿ ਸਾਡੀਆਂ ਅਨੇਕਾਂ (ਸਮਾਜਕ, ਆਰਥਕ, ਧਾਰਮਿਕ, ਸੰਸਕ੍ਰਿਤਕ ਅਤੇ ਹੋਰ) ਜ਼ਰੂਰਤਾਂ ਹਨ ਜਿਨ੍ਹਾਂ ਲਈ ਅਸੀਂ ਇਕ ਦੂਜੇ ਉਪਰ ਨਿਰਭਰ ਹਾਂ। ਜਦੋਂ ਅਸੀਂ ਇਹ ਮੰਨਦੇ ਹਾਂ ਕਿ ਸਮਾਜ ਸਮੂਹਾਂ ਦਾ ਬਣਿਆ ਹੈ ਅਤੇ ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਮੂਹ ਕੀ ਹਨ ? ਜ਼ਾਹਿਰ ਹੈ ਸਮਾਜਕ ਸਮੂਹ ਦੋ ਜਾਂ ਦੋ ਤੋਂ ਵੱਧ ਆਦਮੀਆਂ ਦੇ ਇਕੱਠ ਤੋਂ ਬਣਦੇ ਹਨ ਪਰ ਮਹਿਜ ਆਦਮੀਆਂ ਦਾ ਇਕੱਠ ਸਮੂਹ ਨਹੀਂ ਅਖਵਾ ਸਕਦਾ। ਆਮ ਬੋਲਚਾਲ ਦੀ ਭਾਸ਼ਾਂ ਵਿਚ ਤਾਂ ਸਮੂਹ ਤੋਂ ਭਾਵ ਆਦਮੀਆਂ ਦੇ ਇਕੱਠ ਤੋਂ ਹੀ ਲਿਆ ਜਾਂਦਾ ਹੈ ਪਰ ਸਮਾਜ-ਵਿਗਿਆਨ ਵਿਚ ਅਸੀਂ ਇਸ ਆਮ ਆਦਮੀ ਦੀ ਪਰਿਭਾਸ਼ਾਂ ਨਾਲ ਸਹਿਮਤ ਨਹੀਂ ਹੁੰਦੇ। ਸੋਸਿਆਲਜ਼ੀ ਵਿਚ ਸਾਡਾ ਸਮਾਜਕ ਸਮੂਹ ਤੋਂ ਭਾਵ ਹੁੰਦਾ ਹੈ ਜਦੋਂ ਦੋ ਜਾਂ ਦੋ ਤੋਂ ਵੱਧ ਆਦਮੀ ਇਕੱਠੇ ਹੁੰਦੇ ਹਨ, ਅੰਤਰ-ਕਾਰਜ ਕਰਦੇ ਹਨ, ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ, ਜਿਨ੍ਹਾਂ ਦੇ ਸਾਂਝੇ ਉਦੇਸ਼ ਹੁੰਦੇ ਹਨ ਉਨ੍ਹਾਂ ਵਿਚ ਸਮੂਹ ਦੀ ਭਾਵਨਾ ਹੁੰਦਾ ਹੈ ਜਾਂ ਭਾਈਚਾਰੇ ਦੀ ਭਾਵਨਾ ਹੁੰਦੀ ਹੈ।

### 3.2 ਪਰਿਭਾਸ਼ਾਵਾਂ (Definitions) :

**ਐਲਬੀਅਨ ਡਬਲਿਯੂ**, ਸਮਾਨ ਨੇ ਆਪਣੀ ਪੁਸਤਕ ''ਜਰਨਲ ਸੋਸਿਆਲੋਜੀ'' ਵਿਚ ਸਮੂਹ ਦੀ ਪਰਿਭਾਸ਼ਾਂ ਦਿੰਦੇ ਹੋਏ ਲਿਖਿਆ ਹੈ, ''ਲੋਕਾਂ ਦੀ ਉਹ ਗਿਣਤੀ, ਭਾਵੇਂ ਵੱਧ ਹੋਵੇ ਜਾਂ ਘੱਟ, ਜਿਨ੍ਹਾਂ ਵਿਚਕਾਰ ਅਜਿਹੇ ਸੰਬੰਧ ਪਾਏ ਜਾਂਦੇ ਹਨ ਕਿ ਉਨ੍ਹਾਂ ਨੂੰ ਇਕੱਠਿਆਂ ਹੀ ਸਮਝਿਆ ਜਾਂਦਾ ਹੈ ਅਤੇ ਉਹ ਸਬੰਧ ਇੰਨੇ ਪ੍ਰਭਾਵਸ਼ਾਲੀ ਹੁੰਦੇ ਹਨ ਕਿ ਸਾਡਾ ਧਿਆਨ ਖਿੱਚ ਲੈਂਦੇ ਹਨ।''

**ਗਿਲਿਨ ਅਤੇ ਗਿਲਿਨ ਅਨੁਸਾਰ,** ''ਸਮਾਜਕ ਸਮੂਹ ਦੀ ਉਤਪਤੀ ਲਈ ਇਕ ਇਹੋ ਜਿਹੀ ਪ੍ਰਸਥਿਤੀ ਦਾ ਹੋਣਾ ਜ਼ਰੂਰੀ ਹੈ ਜਿਸ ਨਾਲ ਸੰਬੰਧ ਰੱਖਣ ਵਾਲੇ ਮੈਂਬਰਾਂ ਵਿਚ ਅਰਥ-ਭਰਪੂਰ ਉਤੇਜਨਾ ਅਤੇ ਅਰਥ-ਭਰਪੂਰ ਪ੍ਰਕਿਰਿਆ ਹੋ ਸਕੇ ਅਤੇ ਕੁਝ ਸਾਮਾਨਯ ਸਹਿਜ ਪ੍ਰਵਿਰਤੀਆਂ, ਪ੍ਰੇਰਣਾਵਾਂ ਅਤੇ ਭਾਵਨਾਵਾਂ ਦਾ ਵਿਕਾਸ ਹੋ ਸਕੇ।

**ਐਡਵਰਡ ਸੈਪਿਰ** ਨੇ ਆਪਣੀ ਲਿਖਤ, ''ਐਨਸਾਈਕਲੋਪੀਡੀਆ ਆਫ਼ ਦੀ ਸੋਸ਼ਲ ਸਾਇੰਸਜ਼'' ਵਿਚ ਲਿਖਿਆ ਕਿ ਸਮੂਹ ਦਾ ਆਧਾਰ ਸਾਂਝਾ ਹਿੱਤ ਹੁੰਦਾ ਹੈ, ਅਤੇ ਹਿੱਤਾ ਦੇ ਆਧਾਰ ਤੇ ਇਹ ਸਮੁਦਾਇ ਥੋੜੇ ਜਿਹੇ ਸਮੇਂ ਲਈ ਵੀ ਬਣ ਸਕਦਾ ਹੈ। ਜਿਸ ਵਿਚ ਲੋਕ ਬਹੁਤ ਘੱਟ ਸਮੇਂ ਵਾਸਤੇ ਇਕੱਠੇ ਹੁੰਦੇ ਹਨ ਅਤੇ ਸਾਪੇਖ ਤੌਰ ਤੇ ਸਮੁਦਾਇ ਦਾ ਅਧਾਰ ਸਥਾਈ ਹਿੱਤ ਵੀ ਹੋ ਸਕਦਾ ਹੈ ਜੋ ਕਿ ਇਕ ਸੰਯੋਗਸ਼ੀਲ ਇਕਾਈ ਬਣ ਜਾਂਦਾ ਹੈ।

ਪ੍ਰਸਿੱਧ ਸਮਾਜ-ਵਿਗਿਆਨੀ **ਚਾਰਲਸ ਹਰਬਰਟ ਐਂਗਲੇ ਕੂਲੇ** ਨੇ ਆਪਣੀ ਪੁਸਤਕ **''ਦੀ ਇਨਟੈਗਰੇਸ਼ਨ ਆਫ਼ ਐਮਰੀਕਨ ਸੁਸਾਇਟੀ''** ਵਿਚ ਸਮੂਹ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਕਿ, ''ਇਹ ਕੁਝ ਵਿਅਕਤੀਆਂ ਦਾ ਬਣਿਆ ਹੁੰਦਾ ਹੈ ਜਿਨ੍ਹਾਂ ਦਾ ਸਾਂਝਾ ਕੰਮ ਨਿਰਦੇਸ਼ਿਤ ਇੱਛਾ ਦੀ ਪਾਲਿਸੀ ਨੂੰ ਵਿਅਕਤ ਕਰਦਾ ਹੈ।''

**ਔਗਬਰਨ ਅਤੇ ਨਿਮਕੌਫ਼ ਅਨੁਸਾਰ,** ''ਜਦੋਂ ਦੋ ਜਾਂ ਦੋ ਤੋਂ ਵੱਧ ਆਦਮੀ ਇਕੱਠੇ ਹੋਣ ਅਤੇ ਇਕ ਦੂਜੇ ਉਪਰ ਪ੍ਰਭਾਵ ਪਾਉਣ ਲੱਗ ਜਾਣ ਤਾਂ ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਨੇ ਸਮੂਹ ਦਾ ਨਿਰਮਾਣ ਕਰ ਲਿਆ ਹੈ।''

ਇਕ ਹੋਰ ਵਿਦਵਾਨ **ਹੈਰੀ ਐਮ.ਜੋਨਸਨ** ਨੇ ਕਿਹਾ ਹੈ ਕਿ ''ਸਮਾਜਕ ਸਮੂਹ ਅੰਤਰ-ਕਾਰਜ ਦੀ ਵਿਵਸਥਾ ਹੈ।''

**ਬੋਗਾਰਡਸ** ਅਨੁਸਾਰ, ''ਸਮਾਜਕ ਸਮੂਹ ਦਾ ਅਰਥ ਅਸੀਂ ਅਜਿਹੇ ਵਿਅਕਤੀਆਂ ਦੇ ਇਕੱਠ ਤੋਂ ਲਗਾ ਸਕਦੇ ਹਾਂ, ਜਿਨ੍ਹਾਂ ਦੀਆਂ ਇਕੋ ਜਿਹੀਆਂ ਰੁੱਚੀਆਂ ਅਤੇ ਸਵਾਰਥ ਹੁੰਦੇ ਹਨ, ਜੋ ਇਕ ਦੂਸਰੇ ਨੂੰ ਪ੍ਰੇਰਿਤ ਕਰਦੇ ਹਨ ਜੋ ਸਮਾਨਯ ਰੂਪ ਨਾਲ ਇਕ ਦੂਜੇ ਪ੍ਰਤੀ ਵਫ਼ਾਦਾਰ ਹੁੰਦੇ ਹਨ ਅਤੇ ਸਾਮਾਨਯ ਕਾਰਜਾਂ ਵਿਚ ਭਾਗ ਲੈਂਦੇ ਹਨ।''

### 3.3 ਵਿਸ਼ੇਸ਼ਤਾਵਾਂ (Characteristics) :

### 3.3.1 ਸਮੂਹ ਦੇ ਮੈਂਬਰਾਂ ਦੀ ਗਿਣਤੀ

ਸਮੂਹ ਦੇ ਮੈਂਬਰਾਂ ਦੀ ਗਿਣਤੀ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ ਹੈ। ਇਹ ਜ਼ਰੂਰੀ ਹੈ ਕਿ ਇਹ ਗਿਣਤੀ ਦੋ ਜਾਂ ਦੋ ਤੋਂ ਵੱਧ ਹੋਵੇ ਕਿਉਂਕਿ ਇਕੱਲਾ ਆਦਮੀ ਸਮੂਹ ਨਹੀਂ ਕਹਿਲਵਾ ਸਕਦਾ। ਇਹ ਗਿਣਤੀ ਦੋ ਵੀ ਹੋ ਸਕਦੀ ਹੈ ਅਤੇ ਅਣਗਿਣਤ ਵੀ। ਗਿਣਤੀ ਸਮੂਹ ਬਣਾਉਣ ਲਈ ਮਹੱਤਵਪੂਰਣ ਤੱਤ ਨਹੀਂ ਹੈ।

### 3.3.2 ਸਮਾਜਕ ਸੰਬੰਧ

ਸਮੂੰਹ ਵਿਚ ਸਮਾਜਕ ਸਥਾਈ ਸੰਬੰਧਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਸਮਾਜਕ ਸੰਬੰਧ ਸਹਿਭਾਗੀ ਖੇਤਰ-ਕ੍ਰਿਆ ਰਾਹੀ ਬਣਦੇ ਹਨ ਅਤੇ ਇਹ ਸੰਬੰਧ ਅਜਿਹੇ ਹੁੰਦੇ ਹਨ ਕਿ ਸਮੂਹ ਦੇ ਮੈਂਬਰਾਂ ਨੂੰ ਆਪਸ ਵਿਚ ਪ੍ਰਭਾਵਿਤ ਕਰਦੇ ਹਨ ਅਤੇ ਇਹ ਸੰਬੰਧ ਇੰਨੇ ਪ੍ਰਭਾਵਪੂਰਨ ਹੁੰਦੇ ਹਨ ਕਿ ਦੂਸਰੇ ਸਮੂਹਾਂ ਦੇ ਮੈਂਬਰਾਂ ਦਾ ਧਿਆਨ ਆਪਣੇ ਵੱਲ ਖਿਚਦੇ ਹਨ।

### 3.3.3 ਪ੍ਰਸਥਿਤੀਆਂ

ਸਮੂਹ ਅਸਲ ਵਿਚ ਸਮਾਜਕ ਪ੍ਰਸਥਿਤੀਆਂ ਦੀ ਉਪਜ ਹੁੰਦੇ ਹਨ ਪ੍ਰਸਥਿਤੀਆਂ ਅਜਿਹੀਆਂ ਬਣ ਜਾਂਦੀਆਂ ਹਨ ਕਿ ਇਕੋ ਉਦੇਸ਼ਾਂ ਵਾਲੇ ਵਿਅਕਤੀ ਨੂੰ ਸਾਂਝੇ ਉਦੇਸ਼ਾਂ ਲਈ ਇਕੱਠੇ ਹੋਣਾ ਪੈਂਦਾ ਹੈ। ਕਿਉਂਕਿ ਉਹ ਇਕੱਲੇ-ਇਕੱਲੇ ਇਨ੍ਹਾਂ ਪ੍ਰਸਥਿਤੀਆਂ ਦਾ ਸਾਹਮਣਾ ਨਹੀਂ ਕਰ ਸਕਦੇ।

### 3.3.4 ਅਰਥ-ਭਰਪੂਰ ਪ੍ਰਕ੍ਰਿਆ

ਸਮੂਹ ਦੇ ਮੈਂਬਰਾਂ ਵਿਚ ਜੋ ਸੰਬੰਧ ਹੁੰਦੇ ਹਨ ਉਹ ਵੀ ਅਰਥ-ਭਰਪੂਰ ਹੁੰਦੇ ਹਨ ਅਤੇ ਜੋ ਉਹ ਕਾਰਜ ਜਾਂ ਅੰਤਰ-ਕ੍ਰਿਆ ਕਰਦੇ ਹਨ ਉਹ ਵੀ ਅਰਥ-ਭਰਪੂਰ ਹੁੰਦੀ ਹੈ। ਭਾਵ ਉਹ ਆਪਣੀ ਸ਼ਕਤੀ ਵਿਅਰਥ ਕਾਰਜਾਂ ਲਈ ਜਾਇਆ ਨਹੀਂ ਕਰਦੇ ਸਗੋਂ ਸਭਨਾਂ ਦੇ ਲਈ ਕਾਰਜ ਕਰਦੇ ਹਨ ਤਾਂ ਕਿ ਸਮੂਹ ਹੀ ਹੋਂਦ ਬਣੀ ਰਹੇ ਅਤੇ ਇਸ ਦੇ ਲਕਸ਼ ਪੂਰੇ ਹੁੰਦੇ ਰਹਿਣ ਅਤੇ ਇਸ ਦੇ ਮੈਂਬਰਾਂ ਨੂੰ ਸੰਤੁਸ਼ਟੀ ਮਿਲਦੀ ਰਹੇ।

### 3.3.5 ਸਾਂਝੇ ਹਿੱਤ

ਸਮੂਹ ਵਿਚ ਕੋਈ ਵੀ ਮੈਂਬਰ ਜਾਂ ਸਮੁੱਚੇ ਰੂਪ ਵਿਚ ਸਮੂਹ ਕਿਸੇ ਵਿਅਕਤੀ ਵਿਸ਼ੇਸ਼ ਵਾਸਤੇ ਜਾਂ ਉਸ ਦੇ ਹਿੱਤਾਂ ਵਾਸਤੇ ਕੰਮ ਨਹੀਂ ਕਰਦਾ ਬਲਕਿ ਸਮੁੱਚੇ ਸਮੂਹ ਅਤੇ ਇਸ ਦੇ ਮੈਂਬਰਾਂ ਦੇ ਹਿੱਤ ਸਾਂਝੇ ਹੁੰਦੇ ਹਨ। ਇਨ੍ਹਾਂ ਦੇ ਹਿੱਤਾਂ ਦੀ ਪੂਰਤੀ ਲਈ ਕਾਰਜ ਕੀਤਾ ਜਾਂਦਾ ਹੈ। ਜਿਵੇਂ ਮਜ਼ਦੂਰਾਂ ਦੀ ਯੂਨੀਅਨ ਦਾ ਸੰਘਰਸ਼ ਸਮੁੱਚੀ ਯੂਨੀਅਨ ਦੇ ਮੈਂਬਰਾਂ ਵਾਸਤੇ ਹੁੰਦਾ ਹੈ ਜਾਂ ਯੂਨੀਵਰਸਿਟੀ ਅਧਿਆਪਕ ਆਪਣੀਆਂ ਸਾਂਝੀਆਂ ਮੰਗਾਂ ਲਈ ਸੰਘਰਸ਼ ਕਰਦੇ ਹਨ। ਸਾਂਝੇ ਹਿਤਾਂ ਲਈ ਕਾਰਜ ਕਰਨ ਨਾਲ ਹੀ ਇਸਦੇ ਮੈਂਬਰਾਂ ਵਿਚ ਸਾਮਾਨਯ ਸਹਿਜ ਪ੍ਰਵਿਰਤੀਆਂ, ਪ੍ਰੇਰਨਾਵਾਂ, ਭਾਵਨਾਵਾਂ ਦਾ ਵਿਕਾਸ ਹੋ ਸਕਦਾ ਹੈ।

### 3.3.6 ਸਮਾਂ ਅਤੇ ਸਥਾਨ

ਸਮੂਹ ਦੇ ਮੈਂਬਰਾਂ ਵਾਸਤੇ ਜ਼ਰੂਰੀ ਨਹੀਂ ਕਿ ਉਹ ਇਕੋ ਸਥਾਨ ਤੇ ਹਰ ਸਮੇਂ ਇਕੱਠੇ ਰਹਿਣ। ਭਾਵੇਂ ਕਿ ਪ੍ਰਮੁੱਖ ਸਮੂਹਾਂ ਜਿਵੇਂ ਪਰਿਵਾਰ ਵਿਚ ਸਾਰੇ ਮੈਂਬਰ ਇਕੋ ਸਥਾਨ ਤੇ ਰਹਿੰਦੇ ਹਨ। ਪਰ ਇਹ ਜ਼ਰੂਰੀ ਸ਼ਰਤ ਨਹੀਂ ਉਹ ਹਫ਼ਤੇ ਬਾਅਦ, ਮਹੀਨੇ ਬਾਅਦ ਜਾਂ ਸਾਲ ਬਾਅਦ ਵੀ ਮੀਟਿੰਗ ਕਰ ਸਕਦੇ ਹਨ, ਆਪਣੇ ਮਸਲੇ ਵਿਚਾਰ ਸਕਦੇ ਹਨ। ਨਾ ਹੀ ਉਨ੍ਹਾਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਇਕੋ ਸਥਾਨ ਤੇ ਹੀ ਰਹਿਣ। ਉਹ ਦੂਰ ਦੁਰਾਡੇ ਕਿਧਰੇ ਵੀ ਰਹਿ ਸਕਦੇ ਹਨ। ਜਿਵੇਂ ਅੰਤਰ-ਰਾਸ਼ਟਰੀ ਸੰਗਠਨਾਂ ਦੇ ਮੈਂਬਰ ਹੋਰ ਦੇਸ਼ਾਂ ਦੇ ਹੁੰਦੇ ਹਨ। ਪਰ ਫਿਰ ਵੀ ਉਹ ਸੰਗਠਨ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਹਨ।

### 3.3.7 ਸਥਿਤੀ ਅਤੇ ਭੂਮਿਕਾ

ਸਮੂਹ ਦੇ ਮੈਂਬਰਾਂ ਨੂੰ ਸਮੂਹ ਵਿਚ ਹਰ ਵਿਅਕਤੀ ਦੀ ਸਥਿਤੀ ਅਤੇ ਭੂਮਿਕਾ ਬਾਰੇ ਜਾਣਕਾਰੀ ਹੁੰਦੀ ਹੈ। ਜਿਵੇਂ ਕੋਈ ਵੀ ਉਪ-ਪ੍ਰਧਾਨ ਹੈ, ਕੋਈ ਸੈਕਟਰੀ ਹੈ ? ਕੋਈ ਲਾਈਫ਼ ਮੈਂਬਰ ਹੈ ਅਤੇ ਕੋਈ ਖਜ਼ਾਨਚੀ ਹੈ। ਬਕਾਇਦਾ ਮੈਂਬਰਾਂ ਦੇ ਕੰਮ ਕਰਨ ਦੇ ਨਿਯਮ ਹੁੰਦੇ ਹਨ। ਜੋ ਲਿਖਤੀ ਵੀ ਹੋ ਸਕਦੇ ਹਨ ਅਤੇ ਅਣਲਿਖੇ ਵੀ ਪਰਿਵਾਰ ਵਿਚ ਕੋਈ ਪਿਤਾ ਦੀ ਭੂਮਿਕਾ ਨਿਭਾਉਂਦਾ ਹੈ, ਕੋਈ ਪੁੱਤਰ ਦੀ, ਕੋਈ ਧੀ ਦੀ, ਕੋਈ ਮਾਂ ਦੀ। ਇਕ ਮੈਂਬਰ ਦਾ ਦਰਜਾ ਪਰਿਵਾਰ ਵਿਚ ਵੱਖ-ਵੱਖ ਵੀ ਹੋ ਸਕਦਾ ਹੈ। ਉਹ ਇਕੋ ਸਮੇਂ ਪਿਤਾ ਵੀ ਹੋ ਸਕਦਾ ਹੈ, ਭਰਾ ਵੀ, ਪਤੀ ਵੀ ਤੇ ਪੁੱਤਰ ਵੀ। ਪਰ ਉਸ ਨੂੰ ਆਪਣੇ ਕਾਰਜ ਬਾਰੇ ਜਾਣਕਾਰੀ ਹੁੰਦੀ ਹੈ।

### 3.3.8 ਨਿਯੰਤਰਣ

ਹਰ ਸਮੂਹ ਸੁੱਤੇ ਸਿੱਧ ਕੰਮ ਨਹੀਂ ਕਰਦਾ। ਸਮੂਹ ਦੇ ਆਪਣੇ ਵਿਵਹਾਰ, ਤੌਰ-ਤਰੀਕੇ, ਕੀਮਤਾਂ, ਮਾਣ-ਮਰਿਯਾਦਾ ਹੁੰਦੀ ਹੈ। ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਇਸ ਦੇ ਮੈਂਬਰ ਕੰਮ ਕਰਦੇ ਹਨ ਭਾਵ ਸਮਾਜ ਵਿਚ ਵਿਚਰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਜੇ ਅਸੀਂ ਸਮੂਹ ਦੀਆਂ ਇਛਾਵਾਂ ਦੇ ਖਿਲਾਫ ਕੰਮ ਕੀਤਾ ਤਾਂ ਉਸ ਦਾ ਨੁਕਸਾਨ ਸਮੁੱਚੇ ਸਮੂੰਹ ਵਰਗ ਨੂੰ ਹੋਵੇਗਾ। ਅਤੇ ਉਸ ਨੂੰ ਸਮੂਹ ਵਿਚੋਂ ਛੇਕਿਆ ਜਾ ਸਕਦਾ ਹੈ।

### 3.3.9 ਵਿਚਾਰਾਂ ਦੀ ਸਮਾਨਤਾ ਜਾਂ ਨੇੜਤਾ

ਸਮੂਹ ਦੀ ਮੈਂਬਰਸ਼ਿਪ ਹਰ ਕੋਈ ਨਹੀਂ ਲੈਂਦਾ। ਉਹ ਲੋਕ ਹੀ ਸਮੂਹ ਦੇ ਮੈਂਬਰ ਬਣਦੇ ਹਨ ਜਿਨ੍ਹਾਂ ਦੇ ਹਿੱਤ ਸਮੂਹ ਦੀ ਕਾਰਜ ਸੂਚੀ ਨਾਲ ਮੇਲ ਖਾਂਦੇ ਹੋਣ ਅਤੇ ਉਨ੍ਹਾਂ ਦੇ ਵਿਚਾਰ ਵੀ ਦੂਸਰੇ ਮੈਂਬਰਾਂ ਨਾਲ ਮਿਲਦੇ ਹੋਣ। ਕਈ ਵਾਰੀ ਹਿੱਤ ਸਾਂਝੇ ਹੋ ਸਕਦੇ ਹਨ ਪਰ ਵਿਚਾਰ ਸਾਂਝੇ ਨਹੀਂ ਹੁੰਦੇ ਉਸ ਮੈਂਬਰ ਲਈ ਸਮੂਹ ਵਿਚ ਰਹਿਣਾ ਔਖਾ ਹੋ ਜਾਂਦਾ ਹੈ ਕਿਉਂਕਿ ਲਖਸ਼ਾਂ ਦੀ ਸਾਂਝ ਹੋ ਸਕਦੀ ਹੈ ਪਰ ਸਾਧਨਾਂ ਦੀ ਨਹੀਂ। ਜਿਵੇਂ ਯੂਨੀਵਰਸਿਟੀ ਵਿਚ ਸਾਰੇ ਵਿਦਿਆਰਥੀਆਂ ਦੀਆਂ ਮੰਗਾਂ ਸਾਂਝੀਆਂ ਹੋ ਸਕਦੀਆਂ ਹਨ ਪਰ ਇਹ ਨਹੀਂ ਕਿ ਧਾਰਮਿਕ ਵਿਚਾਰਾਂ ਵਾਲੇ ਵਿਦਿਆਰਥੀ ਕਮਿਊਨਿਸਟ ਵਿਦਿਆਰਥੀ ਜਥੇਬੰਦੀਆਂ ਦੀ ਮੈਂਬਰਸ਼ਿਪ ਲੈ ਲੈਣ।

## 3.4 ਸਮੂਹਾਂ ਦਾ ਵਰਗੀਕਰਣ (Classification of Groups) :

### 3.4.1 ਸਮਨਰ ਅਨੁਸਾਰ ਵੰਡ

(i) ਅੰਤਰ-ਸਮੂਹ (In-groups) ਜਿਸ ਦੇ ਅਸੀਂ ਮੈਂਬਰ ਹੁੰਦੇ ਹਾਂ।

(ii) ਬਾਹਰੀ ਸਮੂਹ (Out-groups) ਜਿਸ ਦੇ ਅਸੀਂ ਮੈਂਬਰ ਨਹੀਂ ਹੁੰਦੇ।

### 3.4.2 ਕੂਲੇ ਅਨੁਸਾਰ ਵੰਡ

(i) ਪ੍ਰਾਥਮਿਕ ਸਮੂਹ (Primary-groups) ਸਿੱਧੇ। ਪ੍ਰਤੱਖ ਜਾਂ ਨੇੜਲੇ ਸੰਬੰਧਾਂ ਵਾਲੇ ਸਮੂਹ ਜਿਵੇਂ ਪਰਿਵਾਰ।

(ii) ਗੌਣ ਸਮੂਹ (Secondary-groups) ਜਿਨ੍ਹਾਂ ਵਿਚ ਸੰਬੰਧ ਸਿੱਧੇ ਜਾਂ ਪ੍ਰਤੱਖ ਨਹੀਂ ਹੁੰਦੇ ਜਿਵੇਂ ਸਮੁਦਾਇ।

### 3.4.3 ਸੋਰੋਕਿਨ ਅਨੁਸਾਰ ਵੰਡ

(i) ਖੈਤਿਜ ਸਮੂਹ (Horizontal) ਉਹ ਸਮੂਹ ਜੋ ਆਕਾਰ ਵਿਚ ਬਹੁਤ ਵੱਡੇ ਅਤੇ ਸਮਾਵੇਸ਼ਿਤ ਹੁੰਦੇ ਹਨ ਜਿਵੇਂ ਰਾਜਨੀਤਿਕ ਪਾਰਟੀਆਂ, ਰਾਸ਼ਟਰ ਆਦਿ।

(ii) ਲੰਬੇ ਰੂਪ ਸਮੂਹ (Vertical) ਜੋ ਆਕਾਰ ਵਿਚ ਛੋਟੇ ਹੁੰਦੇ ਹਨ ਅਤੇ ਖੈਤਿਜ ਸਮੂਹ ਦਾ ਹਿੱਸਾ ਵੀ ਹੁੰਦੇ ਹਨ।

### 3.4.4 ਐਚ.ਏ. ਅਲਵੁਡ ਅਨੁਸਾਰ ਵੰਡ।

(i) ਇਛੁੱਕ (Voluntary) ਅਤੇ ਅਨਇਛੁਕ (In-voluntary)

(ii) ਸੰਸਥਾਪਕ (Institutional) ਅਤੇ ਅਸੰਸਥਾਪਕ (Non-Institutional)

(iii) ਸਥਾਈ (Permanant) ਅਤੇ ਅਸਥਾਈ (Temporary)

**3.4.5 ਐਲ.ਵੋਨ. ਵਾਈਜ਼ ਅਤੇ ਹਾਵਰਡ ਬੇਕਰ ਅਨੁਸਾਰ ਵੰਡ**

(i) ਭੀੜ (Crowd)

(ii) ਸਮੂਹ (Group)

(iii) ਨਿਰਪੇਖ ਜਾਂ ਅਮੂਰਤ ਇਕੱਠ

**3.4.6 ਜਾਨ ਲਿਊਇਸ ਗਿਲਿਨ ਅਤੇ ਜੋਨ ਫਿਲਿਪ ਗਿਲਿਨ ਅਨੁਸਾਰ ਵੰਡ**

(i) ਰਕਤ ਸੰਬੰਧ ਸਮੂਹ

(ii) ਸਰੀਰਕ ਵਿਸ਼ੇਸ਼ਤਾਵਾਂ ਵਾਲੇ ਸਮੂਹ

(iii) ਇਲਾਕਾਈ ਸਮੂਹ

(iv) ਸੰਸਕ੍ਰਿਤਕ ਤੌਰ ਤੇ ਸਾਂਝੇ ਹਿੱਤਾਂ ਵਾਲੇ ਸਮੂਹ

**ਆਪਣਾ ਗਿਆਨ ਪਰਖੋ।**

(ੳ) ਔਗਬਰਨ ਅਤੇ ਨਿਮਕੌਫ ਨੇ ਸਮਾਜਿਕ ਸਮੂਹ ਦੀ ਕੀ ਪਰਿਭਾਸ਼ਾ ਦਿੱਤੀ ਹੈ ?

..........................................................................................................

..........................................................................................................

..........................................................................................................

(ਅ) ਸਮਨਰ ਨੇ ਸਮੂਹਾਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਅਤੇ ਕਿਹੜੇ ਕਿਹੜੇ ?

..........................................................................................................

..........................................................................................................

..........................................................................................................

(ੲ) ਸਮੂਹ ਤੋਂ ਕੀ ਭਾਵ ਹੈ ? ਦੋ ਲਾਈਨਾਂ ਵਿਚ ਬਿਆਨ ਕਰੋ।

..........................................................................................................

..........................................................................................................

..........................................................................................................

## 3.5 ਸਿੱਟਾ (Conclusion) :

ਉਪਰੋਕਤ ਵਰਨਣ ਵਿਚ ਅਸੀਂ ਸਮੂਹ ਦੇ ਨਿਰਮਾਣ ਬਾਰੇ ਇਕ ਆਮ ਆਦਮੀ ਦੀ ਪਰਿਭਾਸ਼ਾ ਬਾਰੇ ਚਰਚਾ ਕੀਤੀ ਕਿ ਸਮੂਹ ਸਿਰਫ਼ ਆਦਮੀਆਂ ਦਾ ਇਕੱਠ ਹੁੰਦਾ ਹੈ। ਫਿਰ ਅਸੀਂ ਸਮਾਜ-ਵਿਗਿਆਨ ਦੀ ਰੌਸ਼ਨੀ ਵਿਚ ਵੇਖਿਆ ਕਿ ਸਮੂਹ ਸਿਰਫ ਵਿਅਕਤੀਆਂ ਦਾ ਮਹਿਜ ਇਕੱਠ ਹੀ ਨਹੀਂ ਇਸ ਵਿਚ ਸਗੋਂ ਉਨ੍ਹਾਂ ਦੇ ਹਿੱਤਾਂ ਦੀ ਸਾਂਝ, ਸਾਂਝਾ ਲਕਸ਼, ਭਾਈਚਾਰੇ ਦੀ ਭਾਵਨਾ, ਅਰਥ ਭਰਪੂਰ ਸਮਾਜਿਕ-ਕ੍ਰਿਆ ਵੀ ਸੰਮਿਲਤ ਹੁੰਦੀ ਹੈ। ਅਸੀਂ ਵੱਖ ਵੱਖ ਸਮਾਜ-ਵਿਗਿਆਨੀਆਂ, ਮਾਨਵ-ਸਮਾਜ-ਵਿਗਿਆਨੀਆਂ ਅਤੇ ਹੋਰ ਵਿਚਾਰਵਾਨਾਂ ਦੇ ਸਮੂਹ ਬਾਰੇ ਵਿਚਾਰਾਂ ਉਪਰ ਗੌਰ ਕੀਤੀ। ਇਸ ਪਾਠ ਦੇ ਅਗਲੇ ਭਾਗ ਵਿਚ ਪਰਿਭਾਸ਼ਾਵਾਂ ਦੇ ਆਧਾਰਤ ਸਮੂਹ ਦੀਆਂ ਵਿਸ਼ੇਸ਼ਤਾਵਾਂ ਬਾਰੇ ਬਹਿਸ ਕੀਤੀ ਕਿ ਉਹਨਾਂ ਦੇ ਹਿੱਤ ਸਾਂਝੇ ਹੁੰਦੇ ਹਨ, ਭਾਈਚਾਰੇ ਦੀ ਭਾਵਨਾ ਹੰਦੀ ਹੈ, ਆਤਮ ਸੰਜਮ ਜਾਂ ਸਮੂੰਹ ਦਾ ਮੈਂਬਰਾਂ ਉਪਰ ਨਿਯੰਤਰਣ ਹੁੰਦਾ ਹੈ। ਅਰਥ-ਭਰਪੂਰ ਕਾਰਜ ਹੁੰਦੇ ਹਨ। ਉਨ੍ਹਾਂ ਵਿਚ ਵਿਚਾਰਾਂ ਦੀ ਸਮਾਨਤਾ ਹੁੰਦੀ ਹੈ। ਸਮੂਹ ਵਿਚ ਉਨ੍ਹਾਂ ਦੀ ਸਥਿਤੀ ਅਤੇ ਭੂਮਿਕਾ ਨਿਰਧਾਰਤ ਹੁੰਦੀ ਹੈ ਆਦਿ। ਆਖਰੀ ਭਾਗ ਵਿਚ ਅਸੀਂ ਸਮਾਜਕ ਸਮੂਹਾਂ ਦੇ ਵਰਗੀਕਰਣ ਬਾਰੇ ਵੱਖ-ਵੱਖ ਸਮਾਜ-ਵਿਗਿਆਨੀਆਂ ਦੇ ਵਿਚਾਰਾ ਉਪਰ ਗੌਰ ਕੀਤਾ ਹੈ। ਸਾਡੇ ਅਗਲੇ ਪਾਠ ਵਿਚ ਸਮੂਹਾਂ ਦੇ ਵਰਗੀਕਰਣ ਤੇ ਖੁਲ੍ਹ ਕੇ ਚਰਚਾ ਕੀਤਾ ਜਾਵੇਗੀ।

## 3.6 ਮੁੱਖ ਸ਼ਬਦ (Key Words) :

**ਸਮਾਜਕ ਸਮੂਹ** : ਦੋ ਜਾਂ ਦੋ ਤੋਂ ਵੱਧ ਵਿਅਕਤੀਆ ਦਾ ਇੱਕਠ ਜੋ ਅੰਤਰ ਕ੍ਰਿਆ ਰਾਹੀਂ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ।

**ਅੰਤਰ ਕਾਰਜ** : ਕਿਸੇ ਦੂਸਰੇ ਵਿਅਕਤੀ ਨੂੰ ਪ੍ਰਭਾਵਿਤ ਕਰਨ ਵਾਲਾ ਕੰਮ।

**ਅੰਤਰ ਸਮੂਹ** : ਉਹ ਸਮੂਹ ਜਿਸ ਦੇ ਅਸੀਂ ਮੈਂਬਰ ਨਹੀਂ ਹਾਂ।

**ਬਾਹਰੀ ਸਮੂਹ** : ਉਹ ਸਮੂਹ ਜਿਸਦੇ ਅਸੀਂ ਮੈਂਬਰ ਨਹੀਂ ਹੁੰਦੇ।

**ਪ੍ਰਾਥਮਿਕ ਸਮੂਹ** : ਨਿੱਘੇ ਸੰਬੰਧਾਂ ਵਾਲਾ ਸਮੂਹ।

**ਗੌਣ ਸਮੂਹ** : ਅਸਿੱਧੇ ਜਾਂ ਰਸਮੀ ਸੰਬੰਧਾ ਵਾਲਾ ਸਮੂਹ।

**3.7 ਅਭਿਆਸ ਲਈ ਪ੍ਰਸ਼ਨ (Exercise Questions) :**

(ੳ) ਸਮਾਜਿਕ ਸਮੂਹ ਕਿਸ ਨੂੰ ਆਖਦੇ ਹਨ ? ਵੱਖ ਵੱਖ ਵਿਗਿਆਨੀਆਂ ਨੇ ਇਸ ਨੂੰ ਕਿਵੇਂ ਪਰਿਭਾਸ਼ਿਤ ਕੀਤਾ ਹੈ ਅਤੇ ਇਸ ਦਾ ਵਰਗੀਕਰਣ ਕਿਵੇਂ ਕੀਤਾ ਹੈ ?

(ਅ) ਸਮਾਜਿਕ ਸਮੂਹ ਤੋਂ ਕੀ ਭਾਵ ਹੈ ? ਇਸਦੀਆ ਵਿਸ਼ੇਸ਼ਤਾਈਆ ਤੇ ਰੌਸ਼ਨੀ ਪਾਓ।

**ਸੰਖੇਪ ਸਵਾਲ (Short Questions) :**

(ੳ) ਸਮੂਹ ਨੂੰ ਪਰਿਭਾਸ਼ਿਤ ਕਰਦੇ ਹੋਏ ਇਸਦੀਆਂ ਚਾਰ ਮੁੱਖ ਵਿਸ਼ੇਸ਼ਤਾਈਆਂ ਲਿਖੋ।

(ਅ) ਕੂਲੇ ਅਨੁਸਾਰ ਸਮੂਹ ਕਿੰਨੇ ਕਿਸਮ ਦਾ ਹੁੰਦਾ ਹੈ ਮੁੱਖ ਵਿਸ਼ੇਸ਼ਤਾਈਆਂ ਦਸਦੇ ਹੋਏ ਉਦਾਹਰਣ ਦਿਉ।

(ੲ) ਸਮੂਹ ਦੇ ਮੈਂਬਰਾਂ ਵਿਚ ਅਰਥ ਭਰਪੂਰ ਪ੍ਰਕ੍ਰਿਆ ਤੋਂ ਕੀ ਭਾਵ ਹੈ ?

**3.8 ਉਪਯੋਗੀ ਪੁਸਤਕਾਂ (Suggested Books) :**


ਸੈਮੂਅਲ ਕੋਇਨਿੰਗ — ''ਸਮਾਜ ਵਿਗਿਆਨ : ਸਮਾਜ ਦੇ ਵਿਗਿਆਨ ਨਾਲ ਜਾਣ-ਪਛਾਣ'' ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1994 (ਅਨੁਵਾਦਕ ਬਲਦੇਵ ਸਿੰਘ ਰਹਿਲ)

ਡਾ. ਸਵਿੰਦਰਜੀਤ ਕੌਰ — ''ਸਮਾਜ-ਵਿਗਿਆਨ ਦੇ ਮੂਲ ਸੰਕਲਪ'', ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1987

ਮੈਕਾਇਵਰ ਅਤੇ ਪੇਜ਼ — ''ਸਮਾਜ''

ਗਿਲਿਨ ਅਤੇ ਗਿਲਿਨ — ''ਕਲਚਰਲ ਸੋਸ਼ਿਔਲੋਜੀ

ਹੈਰੀ ਐਮ. ਜਾਨਸ਼ਨ — ਸ਼ੋਸ਼ਿਔਲੋਜੀ : ਏ ਸਿਸਟਮੈਟਿਕ ਇੰਟਰੋਡਕਸ਼ਨ, ''ਐਲਾਇਡ ਪਬਲਿਸ਼ਰਜ਼, ਨਵੀਂ ਦਿੱਲੀ, 1988

ਕਿੰਗਜ਼ਲੇ ਡੇਵਿਸ — ''ਮਨੁੱਖੀ ਸਮਾਜ'' ਪੰਜਾਬੀ ਯੂਨੀਵਰਸਿਟੀ, ਪਟਿਆਲਾ 1971 (ਅਨੁਵਾਦ : ਡਾ. ਪ੍ਰਕਾਸ਼ ਸਿੰਘ ਜੰਮੂ)

ਵਿਦਿਆ ਭੂਸ਼ਨ ਅਤੇ ਸਚਦੇਵਾ — ''ਐਨ ਇੰਟਰੋਡਕਸ਼ਨ ਟੂ ਸੋਸ਼ਿਔਲੋਜੀ ਕਿਤਾਬ ਮਹੱਲ ਅਲਾਹਾਬਾਦ, 1993

ਪਾਠ ਨੰ: 1.4

ਲੇਖਿਕਾ : ਡਾ. ਹਰਿੰਦਰ ਕੌਰ ਸੋਢੀ

# ਸਮਾਜਕ ਸਮੂਹਾਂ ਦੀਆਂ ਕਿਸਮਾਂ
# (Types of Social Groups)

**ਬਣਤਰ (Structure)**

4.0 ਉਦੇਸ਼
4.1 ਜਾਣ ਪਛਾਣ
4.2 ਅੰਤਰ ਸਮੂਹ ਅਤੇ ਬਾਹਰੀ ਸਮੂਹ
4.2.2 ਅੰਤਰ ਸਮੂਹ ਅਤੇ ਬਾਹਰੀ ਸਮੂਹ ਵਿੱਚ ਅੰਤਰ
4.2.2 ਅੰਤਰ ਸਮੂਹ ਦੀਆਂ ਵਿਸ਼ੇਸ਼ਤਾਈਆਂ
4.3 ਪ੍ਰਾਥਮਿਕ ਸਮੂਹ
4.3.1 ਪ੍ਰਾਥਮਿਕ ਸਮੂਹ ਦੀਆਂ ਵਿਸ਼ੇਸ਼ਤਾਈਆਂ
4.4 ਗੌਣ ਸਮੂਹ
4.4.1 ਗੌਣ ਸਮੂਹ ਦੀਆਂ ਵਿਸ਼ੇਸ਼ਤਾਈਆਂ
4.5 ਸਿੱਟਾ
4.6 ਅਭਿਆਸ ਲਈ ਪ੍ਰਸ਼ਨ
4.7 ਸਹਾਇਕ ਪੁਸਤਕਾਂ

## 4.0 ਉਦੇਸ਼ (Objectives)

* ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀ ਮੁੱਖ ਸਮਾਜਿਕ ਸਮੂਹਾਂ ਦੀਆਂ ਕਿਸਮਾਂ ਦਾ ਵੇਰਵਾ ਦੇ ਸਕੋਗੇ ।
* ਤੁਸੀ ਅੰਤਰ ਸਮੂਹ ਅਤੇ ਬਾਹਰੀ ਸਮੂਹ ਵਿਚ ਭਿੰਨਤਾ ਦਰਸਾਉਣ ਦੇ ਯੋਗ ਹੋਵੋਗੇ ।
* ਤੁਸੀ ਪ੍ਰਥਾਮਿਕ ਸਮੂਹ ਨੂੰ ਬਿਆਨ ਕਰਕੇ ਇਸਦੀਆਂ ਵਿਸ਼ੇਸ਼ਤਾਈਆਂ ਤੇ ਰੋਸ਼ਨੀ ਪਾ ਸਕੋਗੇ ।
* ਗੌਣ ਸਮੂਹ ਅਤੇ ਇਸਦੀਆਂ ਵਿਸ਼ੇਸਤਾਈਆਂ ਨੂੰ ਬਿਆਨ ਕਰ ਸਕੋਗੇ ।

## 4.1 ਜਾਣ ਪਛਾਣ (Introduction)

ਅਸੀਂ ਪਿਛਲੇ ਪਾਠ ਵਿਚ ਸਮਾਜਕ ਸਮੂਹਾਂ ਦੇ ਵੱਖਰੇ ਵੱਖਰੇ ਅਰਥ, ਪਰਿਭਾਸ਼ਾ ਅਤੇ ਵਿਸ਼ੇਸ਼ਤਾਵਾਂ ਉਪਰ ਵਿਚਾਰ ਕਰ ਚੁੱਕੇ ਹਾਂ । ਉਸੇ ਪਾਠ ਵਿਚ ਅਸੀਂ ਵਿਚਾਰਨਵਾਨਾਂ ਵਲੋਂ ਦਿੱਤੇ ਸਮੂਹਾਂ ਦੇ ਵਰਗੀਕਰਣ ਉਪਰ ਸੰਖੇਪ ਰੂਪ ਵਿਚ ਚਰਚਾ ਕਰ ਚੁੱਕੇ ਹਾਂ । ਇਸ ਪਾਠ ਵਿਚ ਅਸੀਂ ਸਮੂਹਾਂ ਦੀਆਂ ਪ੍ਰਮੁੱਖ ਕਿਸਮਾਂ (ਅੰਤਰ ਸਮੂਹ ਅਤੇ ਬਾਹਰੀ ਸਮੂਹ, ਪ੍ਰਾਥਮਿਕ ਅਤੇ ਗੌਣ ਸਮੂਹ), ਉਹਨਾਂ ਦੇ ਅਰਥ ਅਤੇ ਵਿਸ਼ੇਸ਼ਤਾਵਾਂ ਉਪਰ ਭਰਵੀਂ ਚਰਚਾ ਕਰਾਂਗੇ ਕਿਉਂਕਿ ਇਨ੍ਹਾਂ ਕਿਸਮਾਂ ਦੀ ਆਪਣੀ ਮਹੱਤਤਾ ਹੁੰਦੀ ਹੈ । ਇਨ੍ਹਾਂ ਨੂੰ ਸਮਝ ਕੇ ਹੀ ਸਮਾਜਿਕ ਵਿਗਿਆਨ ਬਾਰੇ ਸੰਕਲਪ ਸਪਸ਼ਟ ਹੋਣਗੇ ।

## 4.2 ਅੰਤਰ ਸਮੂਹ ਅਤੇ ਬਾਹਰੀ ਸਮੂਹ (In Groups and Out Groups)

ਅੰਤਰ ਸਮੂਹ ਅਤੇ ਬਾਹਰੀ ਸਮੂਹ ਵਿਚ ਏਨੀ ਪੱਕੀ ਸਾਂਝ ਹੁੰਦੀ ਹੈ ਕਿ ਇਸ ਨੂੰ ਇਕ ਦੂਸਰੇ ਤੋਂ ਵੱਖਰਾ ਕਰਕੇ ਪੱਕੇ ਢੰਗ ਨਾਲ ਨਹੀਂ ਦੇਖਿਆ ਜਾ ਸਕਦਾ । ਇਨ੍ਹਾਂ ਵਿਚ ਲਕੀਰ ਖਿੱਚ ਕੇ ਇਨ੍ਹਾਂ ਨੂੰ ਦੋ ਫਾੜ ਕਰਕੇ, ਵੱਖੋ ਵੱਖਰੇ ਘੇਰੇ ਵਿੱਚ ਨਹੀਂ ਲੈ ਆਂਦਾ ਜਾ ਸਕਦਾ । ਪਰ ਫੇਰ ਵੀ ਇਹ ਵੱਖਰੇ ਵੱਖਰੇ ਸੰਕਲਪ ਹਨ । ਆਪਣੇ ਸੰਕਲਪਾਂ ਨੂੰ ਸਪੱਸ਼ਟ ਕਰਨ ਲਈ ਇਨ੍ਹਾਂ ਬਾਰੇ ਵੱਖਰੇ ਵੱਖਰੇ ਵਿਚਾਰ ਬਣਾਵਾਂਗੇ ਤੇ ਇਨ੍ਹਾਂ ਵਿਚਲੀ ਸਾਂਝ ਨੂੰ ਵੀ ਸਮਝਣ ਦਾ ਯਤਨ ਕਰਾਂਗੇ ।

ਕਈ ਵਿਦਵਾਨਾਂ ਨੇ ਇਨ੍ਹਾਂ ਸੰਕਲਪਾਂ ਨੂੰ ਸਪੱਸ਼ਟ ਕਰਨ ਦੇ ਯਤਨ ਕੀਤੇ ਹਨ। ਅਸੀਂ ਇਨ੍ਹਾਂ ਸੰਕਲਪਾਂ ਬਾਰੇ ਸਮਨਰ ਦੀ ਵਿਲੱਖਣਤਾ ਤੇ ਵੀ ਵਿਚਾਰ ਕਰਾਂਗੇ।

### 4.2.1 ਅੰਤਰ-ਸਮੂਹ ਅਤੇ ਬਾਹਰੀ ਸਮੂਹ ਵਿੱਚ ਅੰਤਰ (Difference between InGroups and OutGroups)

**ਸਮਨਰ** ਨੇ ਆਪਣੀ ਪੁਸਤਕ "ਲੋਕਾਚਾਰ" ਵਿਚ ਇਸ ਵਰਗੀਕਰਣ ਨੂੰ ਦਰਸਾਇਆ ਹੈ ਜਿਸ ਅਨੁਸਾਰ ਜਿਨ੍ਹਾਂ ਸਮੂਹਾਂ ਨਾਲ ਮਨੁੱਖ 'ਅਸੀਂ' ਤੇ 'ਆਪਣੇ' ਦੀ ਭਾਵਨਾ ਵਿਚ ਬੱਝਾ ਹੁੰਦਾ ਹੈ ਉਹ ਅੰਤਰ-ਸਮੂਹ ਹੁੰਦਾ ਹੈ। ਇਸ ਲਈ ਆਦਮੀ ਜਾਨ ਨਿਛਾਵਰ ਕਰਨ ਲਈ ਤਿਆਰ ਰਹਿੰਦਾ ਹੈ। ਇਸ ਦੇ ਮੈਂਬਰਾਂ ਵਿਚ ਸਹਿਯੋਗ, ਹਮਦਰਦੀ, ਸਤਿਕਾਰ ਅਤੇ ਆਪਸੀ ਸਹਾਇਤਾ ਦੀ ਭਾਵਨਾ ਪ੍ਰਬਲ ਹੁੰਦੀ ਹੈ, ਇਸ ਦੇ ਮੈਂਬਰਾਂ ਵਿੱਚ ਇਕੋ ਜਿਹੇ ਵਤੀਰੇ ਅਤੇ ਪ੍ਰਕ੍ਰਿਆ ਉਪਜਦੇ ਹਨ। ਸਮਨਰ ਦਾ ਇਹ ਵੀ ਪੱਖ ਸੀ ਕਿ ਅਜਿਹੇ ਸਮੂਹਾਂ ਵਿਚ ਸ਼ਾਂਤੀ ਅਤੇ ਸੰਧੀ ਦੀ ਵਧੇਰੇ ਲੋੜ ਹੁੰਦੀ ਹੈ ਕਿਉਂਕਿ ਇਸ ਦੇ ਮੈਂਬਰ ਇੱਕ ਦੂਜੇ ਦੇ ਵਧੇਰੇ ਨਜ਼ਦੀਕ ਰਹਿੰਦੇ ਹਨ। ਉਹਨਾਂ ਵਿਚ ਲੜਾਈ ਝਗੜੇ ਅਤੇ ਨਫ਼ਰਤ ਆਦਿ ਦੀ ਭਾਵਨਾ ਵੀ ਬਣਦੀ ਹੈ ਪਰ ਇਹ ਆਰਜ਼ੀ ਹੁੰਦੀ ਹੈ। ਅੰਤਰ-ਸਮੂਹ ਨੂੰ ਕਈ ਕਿਸਮ ਦੇ ਬਾਹਰਲੇ ਖ਼ਤਰਿਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਅੰਤਰ-ਸਮੂਹ ਵਿਚੋਂ ਪ੍ਰਮੁੱਖ ਅੰਤਰ-ਸਮੂਹ ਹਨ ਪਰਿਵਾਰ, ਕਬੀਲਾ, ਪਿੰਡ ਆਦਿ। ਅੰਤਰ-ਸਮੂਹ ਦੇ ਮੈਂਬਰ ਨਾ ਤਾਂ ਇਕ ਦੂਸਰੇ ਨੂੰ ਕਿਸੇ ਕਿਸਮ ਦੀ ਹਾਨੀ ਪਹੁੰਚਾਉਂਦੇ ਹਨ ਨਾ ਹੀ ਉਹ ਸਮੂਹ ਦੇ ਮੈਂਬਰਾਂ ਦੁਆਰਾ ਹਾਨੀ ਪਹੁੰਚਾਉਣ ਦੀ ਆਸ ਕਰਦੇ ਹਨ। ਦੁੱਖ-ਸੁੱਖ ਦੇ ਸ਼ਰੀਕ ਹੁੰਦੇ ਹਨ। ਇਕ ਆਦਮੀ ਕਈ ਅੰਤਰ-ਸਮੂਹਾਂ ਦਾ ਮੈਂਬਰ ਹੁੰਦਾ ਹੈ। ਜਿਸ ਸਮੂਹ ਦਾ ਉਹ ਮੈਂਬਰ ਨਹੀਂ ਉਹ ਸਮੂਹ ਉਸ ਲਈ ਬਾਹਰੀ ਸਮੂਹ ਹੁੰਦਾ ਹੈ। ਜਿਸ ਦੇ ਮੈਂਬਰਾਂ ਪ੍ਰਤਿ ਉਸ ਦਾ ਵਤੀਰਾ ਬਿਲਕੁਲ ਵੱਖਰਾ ਹੀ ਹੁੰਦਾ ਹੈ। ਆਪਣੇ ਸਮੂਹ ਦੇ ਮੈਂਬਰਾਂ ਨੂੰ ਉਹ 'ਅਸੀਂ' ਜਾਂ 'ਮੇਰੇ' ਨਾਲ ਸੰਬੋਧਤ ਕਰਦਾ ਹੈ। ਬਾਹਰੀ ਗਰੁੱਪ ਦੇ ਮੈਂਬਰਾਂ ਨੂੰ 'ਉਹ' ਅਤੇ ਉਨ੍ਹਾਂ ਨਾਲ ਸੰਬੋਧਨ ਕਰਦਾ ਹੈ। ਪਰ ਵਿਅਕਤੀ ਦਾ ਅੰਤਰ ਸਮੂਹ ਤੇ ਬਾਹਰੀ ਸਮੂਹ ਨਾਲ ਰਿਸ਼ਤਿਆਂ ਵਿਚ ਬਹੁਤ ਅੰਤਰ ਹੁੰਦਾ ਹੈ। ਅੰਤਰ ਸਮੂਹ ਨਾਲ ਸਬੰਧ ਬਾਹਰੀ ਸਮੂਹ ਨਾਲੋਂ ਬਹੁਤ ਵੱਖਰੇ ਹੁੰਦੇ ਹਨ। ਬਾਹਰੀ ਸਮੂਹ ਕਈ ਵਾਰ ਹਾਨੀ ਵੀ ਪਹੁੰਚਾਉਂਦਾ ਹੈ ਜਦੋਂਕਿ ਅੰਤਰੀ ਸਮੂਹ ਅਜਿਹੀਆਂ ਭਾਵਨਾਵਾਂ ਉਤਪੰਨ ਨਹੀਂ ਹੋਣ ਦਿੰਦਾ। ਵਿਅਕਤੀ ਆਪਣੀ ਭਲਾਈ ਨੂੰ ਸਮੂਹ ਦੀ ਭਲਾਈ ਨਾਲ ਜੋੜਦਾ ਹੈ।

ਇਸ ਤੋਂ ਸਾਫ ਹੈ ਕਿ ਜਿਸ ਸਮੂਹ ਨਾਲ ਕਿਸੇ ਵਿਅਕਤੀ ਦਾ ਅੰਤ੍ਰੀਵੀ ਸੰਬੰਧ ਹੈ ਉਹ ਉਸ ਲਈ ਅੰਤਰ-ਸਮੂਹ ਹੈ। ਜਿਸ ਨਾਲ ਉਸ ਦਾ ਅੰਤ੍ਰੀਵੀ ਸੰਬੰਧ ਨਹੀਂ ਉਹ ਉਸ ਲਈ ਬਾਹਰੀ ਸਮੂਹ ਹੈ। ਕਈ ਵਾਰੀ ਤਾਂ ਇਹ ਰੋਲ ਘਚੋਲਾ ਇੰਨਾ ਵੱਧ ਜਾਂਦਾ ਹੈ ਕਿ ਇਨ੍ਹਾਂ ਨੂੰ ਸਮਝਣਾ ਮੁਸ਼ਕਲ ਹੋ ਜਾਂਦਾ ਹੈ। ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ ਕਿ ਇਕ ਵਿਅਕਤੀ ਇਕੋ ਸਮੇਂ ਕਈ ਸਮੂਹਾਂ ਦਾ ਮੈਂਬਰ ਹੋ ਸਕਦਾ ਹੈ। ਉਹ ਪਰਿਵਾਰ ਦਾ ਮੈਂਬਰ ਵੀ ਹੈ ਅਤੇ ਕਾਲਜ ਦਾ ਵਿਦਿਆਰਥੀ ਵੀ, ਵਿਦਿਆਰਥੀ ਯੂਨੀਅਨ ਦਾ ਮੈਂਬਰ ਵੀ ਹੁੰਦਾ ਹੈ ਅਤੇ ਕਿਸੇ ਹੋਰ ਸਭਾ ਸੁਸਾਇਟੀ ਦਾ ਮੈਂਬਰ ਵੀ। ਮੰਨ ਲਓ ਹੁਣ ਇਕ ਪਰਿਵਾਰ ਵਿਚ ਪਤੀ ਪਤਨੀ ਹਨ। ਪਤੀ ਕਿਸੇ ਫੈਕਟਰੀ ਵਿਚ ਇੰਜੀਨੀਅਰ ਹੈ, ਪਤਨੀ ਕਿਸੇ ਸਕੂਲ ਵਿਚ ਅਧਿਆਪਕ ਹੈ। ਹੁਣ ਪਤੀ ਲਈ ਪਤਨੀ ਦਾ ਸਕੂਲ ਬਾਹਰੀ ਸਮੂਹ ਹੈ ਦੂਜੇ ਪਾਸੇ ਪਤਨੀ ਵਾਸਤੇ ਪਤੀ ਦੀ ਫੈਕਟਰੀ ਬਾਹਰ ਸਮੂਹ ਹੈ। ਪਤੀ ਦਾ ਵਤੀਰਾ ਪਤਨੀ ਦੇ ਸਕੂਲ ਦੇ ਟੀਚਰਾਂ ਪ੍ਰਤੀ ਹੋਰ ਹੋਵੇਗਾ; ਪਤਨੀ ਦਾ ਵਤੀਰਾ ਪਤੀ ਦੀ ਫੈਕਟਰੀ ਦੇ ਕਰਮਚਾਰੀਆਂ ਵਾਸਤੇ ਹੋਰ ਹੋਵੇਗਾ। ਕਈ ਵਾਰ ਅੰਤਰ ਅਤੇ ਬਾਹਰੀ ਸਮੂਹਾਂ ਦੀ ਮੈਂਬਰਸ਼ਿਪ ਵੀ ਪ੍ਰਸਥਿਤੀਆਂ ਅਨੁਸਾਰ ਬਦਲਦੀ ਹੈ। ਜੇ ਕੋਈ ਵਿਅਕਤੀ ਅੱਜ ਕਿਸੇ ਅੰਤ੍ਰੀਵ ਸਮੂਹ ਦਾ ਮੈਂਬਰ ਹੋ ਸਕਦਾ ਹੈ ਉਹ ਹੀ ਸਮੂਹ ਕੱਲ ਨੂੰ ਉਸ ਲਈ ਬਾਹਰੀ ਸਮੂਹ ਬਣ ਸਕਦਾ ਹੈ। ਜੇ ਅੱਜ ਬਾਹਰੀ ਸਮੂਹ ਹੈ ਕੱਲ ਨੂੰ ਉਹ ਉਸ ਲਈ ਅੰਤਰ-ਸਮੂਹ ਬ ਣ ਜਾਵੇਗਾ। ਉਦਾਹਰਣ ਵਜੋਂ ਅੱਜ ਉਹ ਕਾਲਜ ਵਿਚ ਪੜ੍ਹਦਾ ਹੈ ਤਾਂ ਕਾਲਜ ਉਸ ਲਈ ਅੰਤਰ-ਸਮੂਹ ਹੈ। ਕੁਝ ਸਮੇਂ ਬਾਅਦ ਕਾਲਜ ਛੱਡ ਕੇ ਯੂਨੀਵਰਸਿਟੀ ਵਿਚ ਪੜ੍ਹਨ ਲੱਗ ਜਾਂਦਾ ਹੈ ਤਾਂ ਉਸ ਲਈ ਕਾਲਜ ਬਾਹਰੀ ਸਮੂਹ ਬਣ ਜਾਵੇਗਾ ਅਤੇ ਯੂਨੀਵਰਸਿਟੀ ਅੰਤਰ-ਸਮੂਹ ਬਣ ਜਾਵੇਗੀ। ਇਨ੍ਹਾਂ ਦੋਹਾਂ ਵਿਚ ਅੰਤਰ ਕ੍ਰਿਆ ਪ੍ਰਸਪਰ ਵਿਆਪੀ ਹੈ। ਕਿਸੇ ਆਦਮੀ ਦੇ ਅੰਤਰ-ਸਮੂਹ ਨੂੰ ਜਾਣੇ ਬਗੈਰ ਉਸ ਦੇ ਬਾਹਰੀ ਸਮੂਹ ਨੂੰ ਨਹੀਂ ਜਾਣਿਆ ਜਾ ਸਕਦਾ। ਪ੍ਰਤਿਯੋਗਤਾ, ਸੰਘਰਸ਼ ਜਾਂ ਬਾਹਰੀ ਖਤਰੇ ਵੇਲੇ ਅੰਤਰ-ਸਮੂਹ ਦਾ ਸੰਗਠਨ ਮਜ਼ਬੂਤ ਹੁੰਦਾ ਹੈ। ਆਮ ਹਾਲਤਾਂ ਵਿਚ ਇਹ ਸੰਗਠਨ ਇੰਨਾਂ ਢਿੱਲਾ ਪੈ ਜਾਂਦਾ ਹੈ ਕਿ ਸਮੂਹ ਨੂੰ ਖਤਰਾ ਪੈਦਾ ਹੋ ਜਾਂਦਾ ਹੈ। ਜਿਵੇਂ ਜਦੋਂ ਕਿਸੇ ਰਾਸ਼ਟਰ ਨੂੰ ਬਾਹਰਲੇ ਦੁਸ਼ਮਣ ਦੇ ਹਮਲੇ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਸ ਰਾਸ਼ਟਰ ਦੇ ਲੋਕ ਸਾਰੇ ਮਤਭੇਦ ਭੁਲਾ ਕੇ ਬਾਹਰੀ ਦੁਸ਼ਮਣ ਦਾ ਮੁਕਾਬਲਾ ਇਕੱਠੇ ਹੋ ਕੇ ਬਾਹਰੀ ਸਮੂਹ ਮਜ਼ਬੂਤ ਬਣਾ ਕੇ ਕਰਦੇ ਹਨ। ਜਦੋਂ ਉਹ ਖਤਰਾ ਟੱਲ ਜਾਂਦਾ ਹੈ ਤਾਂ ਉਹ ਫਿਰ ਆਪਸੀ ਲੜਾਈ ਵਿਚ ਲੱਗ ਪੈਂਦੇ ਹਨ।ਕੋਈ ਦੂਸਰੇ ਨੂੰ ਹਟਾ ਕੇ ਆਪ ਲੀਡਰ ਬਣਨਾ ਚਾਹੁੰਦਾ ਹੈ ਜਿਸ ਨਾਲ ਟਕਰਾਅ ਵਧਦਾ ਹੈ ਅਤੇ ਅੰਤਰ-ਸਮੂਹਾਂ ਨੂੰ ਨੁਕਸਾਨ ਪਹੁੰਚਦਾ ਹੈ। ਅਜੋਕੇ ਸਮੇਂ ਵਿਚ ਅਜਿਹਾ ਸਿਆਸਤ ਵਿਚ ਆਮ ਹੁੰਦਾ ਰਹਿੰਦਾ ਹੈ। ਕਈ ਵਿਅਕਤੀ ਇਕ ਪਾਰਟੀ ਨੂੰ ਛੱਡ ਕੇ ਦੂਸਰੀ ਪਾਰਟੀ ਵਿਚ ਜਾਂਦੇ ਰਹਿੰਦੇ ਹਨ। ਲੋਕ ਉਨ੍ਹਾਂ ਨੂੰ ਕਈ ਵਾਰ ਆਇਆ ਰਾਮ ਤੇ ਗਇਆ ਰਾਮ ਇਸ ਲਈ ਵੀ ਕਹਿੰਦੇ ਹਨ ਕਿਉਂਕਿ ਉਹ ਦਲ ਇਸ ਪ੍ਰਕਾਰ ਬਦਲਦੇ ਹਨ ਕਿ ਉਨ੍ਹਾਂ ਦਾ ਅੰਤਰ-ਸਮੂਹ ਤੇ ਬਾਹਰੀ ਸਮੂਹ ਜਲਦੀ

ਜਲਦੀ ਬਦਲਦਾ ਰਹਿੰਦਾ ਹੈ ।

### 4.2.2 ਅੰਤਰ-ਸਮੂਹ ਦੀਆਂ ਵਿਸ਼ੇਸ਼ਤਾਵਾਂ (Merits of In Groups)

ਜਾਤੀ-ਕੇਂਦਰਿਤ ਸਮੂਹ ਦੀ ਵਿਸ਼ੇਸ਼ਤਾ ਹੈ । ਇਸ ਬਾਰੇ ਪ੍ਰਸਿੱਧ ਸਮਾਜ ਵਿਗਿਆਨ **ਸੈਮੂਅਲ ਕੋਇਨਿੰਗ** ਨੇ ਆਪਣੀ ਪੁਸਤਕ "ਸਮਾਜ ਵਿਗਿਆਨ : ਸਮਾਜ ਦੇ ਵਿਗਿਆਨ ਨਾਲ ਜਾਣ ਪਛਾਣ" ਵਿਚ ਸਮਨਰ ਅਤੇ ਹੋਰਾਂ ਦੇ ਵਿਚਾਰ ਦਿੱਤੇ ਹਨ । **ਸਮਨਰ** ਅਨੁਸਾਰ "ਜਾਤੀ-ਕੇਂਦਰਿਤ ਉਹ ਦ੍ਰਿਸ਼ਟੀਕੋਣ ਹੈ ਜਿਸ ਵਿਚ ਵਿਅਕਤੀ ਦਾ ਆਪਣਾ ਸਮੂਹ ਹਰੇਕ ਚੀਜ਼ ਦਾ ਕੇਂਦਰ ਹੁੰਦਾ ਹੈ ਅਤੇ ਬਾਕੀ ਸਾਰਿਆਂ ਦਾ ਇਸ ਨਾਲ ਸੰਬੰਧ ਦਰਸਾ ਕੇ ਉਨ੍ਹਾਂ ਨੂੰ ਜਾਂਚਿਆ ਜਾਂਦਾ ਹੈ ।" ਇਹ **ਸਮਨਰ** ਦਾ ਕਥਨ ਯਥਾਰਥਕ ਹੈ ।ਹਰ ਸਮੂਹ ਦਾ ਮੈਂਬਰ (ਭਾਵੇਂ ਉਹ ਪਰਿਵਾਰ, ਸਕੂਲ, ਫੈਕਟਰੀ ਜਾਂ ਰਾਸ਼ਟਰ ਦਾ ਹੋਵੇ) ਆਪਣੇ ਅੰਤਰ ਸਮੂਹ ਦੀਆਂ ਕਦਰਾਂ ਕੀਮਤਾਂ, ਅਸੂਲ, ਜੀਵਨ, ਢੰਗ ਅਤੇ ਸੰਸਕ੍ਰਿਤੀ ਨੂੰ ਦੂਜੇ ਸਮੂਹ ਨਾਲੋਂ ਸ੍ਰੇਸ਼ਟ ਸਮਝਦਾ ਹੈ । ਭਾਵੇਂ ਅੱਧੇ ਨਾਲੋ ਵੱਧ ਦੁਨੀਆਂ ਦੇ ਲੋਕ ਗਊ ਦਾ ਮਾਸ ਖਾਂਦੇ ਹਨ ਪਰ ਹਿੰਦੂ ਸੰਪਰਦਾ ਦੇ ਲੋਕ ਗਊ ਨੂੰ ਮੁਤਬਰਕ ਮੰਨਦੇ ਹਨ ਤੇ ਇਸ ਦੀ ਪੂਜਾ ਕਰਦੇ ਹਨ । ਇਸ ਪ੍ਰਕਾਰ ਹੀ ਅਮਰੀਕਨਾਂ ਦਾ ਅੰਤਰ ਸਮੂਹ ਏਨਾ ਸ਼ਕਤੀਸ਼ਾਲੀ ਹੈ ਕਿ ਦੁਨੀਆਂ ਦੇ ਕਿਸੇ ਵੀ ਦੇਸ਼ ਦਾ ਵਿਅਕਤੀ ਉਥੇ ਜਾ ਕੇ ਵੱਸ ਜਾਵੇ, ਅਗਲੀ ਪੀੜੀ ਵਿਚ ਉਹ ਅਮਰੀਕਨ ਹੀ ਬਣ ਨਿਬੜਦਾ ਹੈ । ਉਹ ਉਨ੍ਹਾਂ ਵਾਂਗ ਹੀ ਖਾਂਦਾ ਪੀਂਦਾ, ਨਚਦਾ ਤੇ ਉੱਚ ਜੀਵਨ ਮਾਣਦਾ ਹੈ । ਇਸੇ ਪ੍ਰਕਾਰ ਹੀ ਜਾਪਾਨ ਦੇ ਰਹਿਣ ਵਾਲੇ ਲੋਕਾਂ ਦਾ ਕੰਮ ਪ੍ਰਤੀ ਅੰਤਰ ਸਮੂਹ ਏਨਾ ਪੱਕਾ ਹੈ ਕਿ ਉਹ ਸਿਰ ਸੁੱਟ ਕੇ 12 ਘੰਟੇ ਤੋਂ ਵੀ ਵੱਧ ਹਰ ਰੋਜ਼ ਕੰਮ ਕਰਦੇ ਹਨ । ਜੋ ਵਿਅਕਤੀ ਵੀ ਉਨ੍ਹਾਂ ਦੇ ਸਮਾਜ ਵਿਚ ਜਾ ਕੇ ਵਸਦਾ ਹੈ, ਉਹ ਵੀ ਉਨ੍ਹਾਂ ਵਾਂਗ ਹੀ ਕੰਮ ਕਰਨ ਲੱਗ ਜਾਂਦਾ ਹੈ । ਹਰ ਰਾਜਨੀਤਕ ਪਾਰਟੀ ਦਾ ਮੈਂਬਰ ਭਾਵੇਂ ਉਹ ਭਾਰਤੀ ਜਨਤਾ ਪਾਰਟੀ ਦਾ ਹੋਵੇ, ਕਮਿਊਨਿਸ਼ਟ ਪਾਰਟੀ, ਕਾਂਗਰਸ ਪਾਰਟੀ ਜਾਂ ਹੋਰ ਪਾਰਟੀ ਦਾ ਹੋਵੇ ਉਹ ਆਪਣੀ ਪਾਰਟੀ ਦੇ, ਪ੍ਰੋਗਰਾਮ ਅਤੇ ਅਸੂਲਾਂ ਨੂੰ ਹੀ ਸਲਾਹੇਗਾ । ਦੂਸਰੀਆਂ ਪਾਰਟੀਆਂ ਪ੍ਰਤੀ ਉਸ ਦਾ ਵਤੀਰਾ ਘਟੀਆ, ਘਿਰਣਾ ਭਰਿਆ ਅਤੇ ਦੁਸ਼ਮਣਾਂ ਵਾਲਾ ਹੋਵੇਗਾ । ਇਸ ਤਰ੍ਹਾਂ ਹਰ ਰਾਸ਼ਟਰ ਦਾ ਮੈਂਬਰ ਆਪਣੇ ਰਾਸ਼ਟਰ ਨੂੰ ਸਰਵ-ਸ੍ਰੇਸ਼ਟ ਕਹੇਗਾ । ਇਸੇ ਲਈ **ਸਮਨਰ** ਨੇ ਕਿਹਾ ਸੀ "ਸਦਾਚਾਰ ਦੇ ਕੋਡ ਜਾਂ ਜਾਬਤੇ ਹਨ ਅਤੇ ਲੋਕਾਚਾਰ ਦੇ ਵੀ ਦੋ ਸੈੱਟ ਹਨ, ਇਕ ਸਮੂਹ ਵਿਚਲੇ ਸਾਥੀਆਂ ਲਈ, ਦੂਜਾ ਸਮੂਹ ਤੋਂ ਬਾਹਰ ਵਾਲੇ ਅਦਮੀਆਂ ਲਈ ।"

ਹਰ ਪਰਿਵਾਰ ਜਾਂ ਕਬੀਲੇ ਜਾਂ ਜਾਤੀ ਦਾ ਮੈਂਬਰ ਆਪਣੇ ਸਮੂਹ ਦੀ ਵਡਿਆਈ ਕਰੇਗਾ । ਉਹ ਸਮੂਹ ਦੇ ਗੁਣਾਂ ਦਾ ਢੰਢੋਰਾ ਪਿਟੇਗਾ, ਉਸ ਨੂੰ ਸਤਿਕਾਰ ਦੇਵੇਗਾ ਅਤੇ ਦੂਸਰਿਆਂ ਤੋਂ ਆਪਣੇ ਸਮੂਹ ਲਈ ਸਤਿਕਾਰ ਦੀ ਆਸ ਰਖੇਗਾ । ਜਿਵੇਂ ਫਰਾਂਸ ਦੇ ਲੋਕਾਂ ਵਿਚ ਆਪਣੇ ਰਾਸ਼ਟਰ ਲਈ ਇੰਨਾ ਸਤਿਕਾਰ ਹੈ ਕਿ ਉਹ ਹਰ ਵਿਦੇਸ਼ੀ ਨਾਲ ਵੀ ਫ਼ਰਾਂਸੀਸੀ ਭਾਸ਼ਾ ਵਿਚ ਹੀ ਗੱਲ ਕਰਨੀ ਪਸੰਦ ਕਰਦੇ ਹਨ । ਭਾਵੇਂ ਕਿ ਉਨ੍ਹਾਂ ਨੂੰ ਅੰਗਰੇਜ਼ੀ ਭਾਸ਼ਾ ਆਉਂਦੀ ਹੁੰਦੀ ਹੈ । ਇਸੇ ਤਰ੍ਹਾਂ ਫਰਾਂਸ ਦੇ ਲੋਕ ਆਪਣੀ ਕੌਮੀ ਭਾਸ਼ਾ ਤੇ ਮਾਣ ਕਰਦੇ ਹਨ । ਫਰਾਂਸ ਦੇ ਲੇਖਕਾਂ ਨੇ ਆਪਣੇ ਰਾਸ਼ਟਰ ਦੀ ਗੋਰਵਤਾ ਬਾਰੇ ਬਹੁਤ ਕੁਝ ਲਿਖਿਆ ਜਿਵੇਂ ਫ੍ਰੈਕਨਾਇਸ ਕਾਮੇ ਨੇ ਲਿਖਿਆ "ਇਹ ਕੇਵਲ ਫਰਾਂਸ ਵਿਚ ਹੀ ਹੈ ਕਿ ਭਾਰੀ ਹੋਣ ਤੋਂ ਬਿਨਾਂ ਤਾਕਤਵਰ ਕਿਵੇਂ ਬਣੀਦਾ ਹੈ ਅਤੇ ਘੱਟ ਅਸਪਸ਼ਟ ਹੋਣ ਤੋਂ ਬਿਨਾਂ ਗਹਿਰਾ ਕਿਵੇਂ ਹੋਈਦਾ ਹੈ । ਇਸੇ ਤਰ੍ਹਾਂ ਭਾਰਤੀ ਲੇਖਕ ਵੀ ਆਪਣੇ ਰਾਸ਼ਟਰ ਦੀ ਪ੍ਰਸੰਸਾ ਅਤੇ ਮਾਣ ਵਿਚ ਲਿਖਦੇ ਹਨ "ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ ।" ਪੰਜਾਬੀ ਵਾਸੀ ਲੇਖਕਾਂ ਨੇ ਪੰਜਾਬੀਆਂ ਅਤੇ ਪਜੰਾਬ ਬਾਰੇ ਆਪਣੀਆਂ ਰਚਨਾਵਾਂ ਵਿਚ ਗੁਣਗਾਣ ਕੀਤੇ ਹਨ ।

ਜਾਤੀ-ਕੇਂਦਰਿਤ ਕੋਈ ਨਵੀਂ ਭਾਵਨਾ ਨਹੀਂ । ਇਸ ਦੀ ਹੋਂਦ ਤਾਂ ਆਦਿ ਕਾਲੀਨ ਵਿਚ ਵੀ ਸੀ । ਉਸ ਸਮੇਂ ਵੀ ਲੋਕ ਆਪਣੇ ਸਮੂਹ ਦੀਆਂ ਗਤੀਵਿਧੀਆਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੇ ਸਨ ਅਤੇ ਬਾਹਰੀ ਸਮੂਹ ਦੀਆਂ ਗਤੀਵਿਧੀਆਂ ਨੂੰ ਅਸਪੱਸ਼ਟ ਬਣਾਉਣ ਦਾ ਯਤਨ ਕਰਦੇ ਸਨ ਜਦੋਂ ਕਿ ਅੱਜ ਇਹ ਭਾਵਨਾ ਹੋਰ ਵੀ ਜ਼ੋਰ ਫੜ ਗਈ ।

26/11 ਨੂੰ ਜੋ ਬੰਬਈ ਵਿਚ ਆਤੰਕਵਾਦੀ ਹਮਲਾ ਹੋਇਆ ਸੀ ਉਸ ਵਿਚ ਜੋ ਵਿਅਕਤੀ ਜਿੰਦਾ ਪਕੜਿਆ ਗਿਆ ਉਹ ਅੰਤ੍ਰੀਵੀ ਢੰਗ ਨਾਲ ਪਾਕਿਸਤਾਨ ਦਾ ਰਹਿਣ ਵਾਲਾ ਹੈ । ਇਹ ਹੀ ਵਜ੍ਹਾ ਹੈ ਕਿ ਉਹ ਪਾਕਿਸਤਾਨ ਤੋਂ ਹਮਦਰਦੀ ਤੇ ਇਮਦਾਦ ਦੀ ਆਸ ਕਰਦਾ ਹੈ ਤੇ ਵਾਰ ਵਾਰ ਕਹਿ ਰਿਹਾ ਹੈ ਕਿ ਉਸ ਦੀ ਸਹਾਇਤਾ ਪਾਕਿਸਤਾਨ ਕਰੇ ।

### 4.3 ਪ੍ਰਾਥਮਿਕ ਸਮੂਹ (Primary-groups)

ਇਹ ਦੂਸਰੀ ਪ੍ਰਕਾਰ ਦਾ ਵਰਗੀਕਰਣ ਚਾਰਲਸ ਐਚ.ਕੂਲੇ ਦਾ ਕੀਤਾ ਹੋਇਆ ਹੈ ਜੋ ਉਸ ਦੀ ਪੁਸਤਕ "ਸਮਾਜਕ ਸੰਗਠਨ ਵਿਚ" ਦਰਸਾਇਆ ਗਿਆ ਹੈ । ਕੂਲੇ ਅਨੁਸਾਰ, ਸਮੂਹਾਂ ਨੂੰ ਜਾਂ ਇਕ ਮੁੱਢਲੇ ਸਮੂਹ ਜਾਂ ਦੂਜੇ ਦਰਜੇ ਦਾ ਸਮੂਹ ਕਿਹਾ ਜਾਂਦਾ ਹੈ । ਮੁੱਢਲੇ ਸਮੂਹ ਦੇ ਮੈਂਬਰਾਂ ਵਿੱਚ ਆਹਮੋ ਸਾਹਮਣੇ ਰਾਬਤਾ ਹੁੰਦਾ ਹੈ ।

ਉਸ ਅਨੁਸਾਰ "ਪ੍ਰਾਥਮਿਕ ਗਰੁੱਪ ਉਹ ਹਨ ਜਿਨ੍ਹਾਂ ਦੀ ਵਿਸ਼ੇਸ਼ਤਾ ਆਹਮਣੇ-ਸਾਹਮਣੇ ਦਾ ਪੀਢਾ ਸੰਬੰਧ ਅਤੇ ਸਹਿਯੋਗ ਹੈ । ਇਹ ਪ੍ਰਾਥਮਿਕ ਕਈ ਅਰਥਾਂ ਵਿਚ ਹਨ, ਪਰੰਤੂ ਮੁੱਖ ਤੌਰ ਤੇ ਇਸ ਦਾ ਭਾਵ ਹੈ ਕਿ ਆਦਮੀ ਦੇ ਸੁਭਾਅ ਅਤੇ ਆਦਰਸ਼ਾਂ ਦਾ ਨਿਰਮਾਣ ਕਰਨ ਵਿਚ ਇਹ

ਮੌਲਿਕ ਹਨ।"

ਇਹ ਪ੍ਰਾਥਮਿਕ ਇਸ ਲਈ ਹੁੰਦੇ ਹਨ ਕਿਉਂਕਿ ਇਨ੍ਹਾਂ ਦੇ ਮੈਂਬਰਾਂ ਵਿਚ ਨਿੱਘੇ ਅਤੇ ਨਜ਼ਦੀਕੀ ਸੰਬੰਧ ਹੁੰਦੇ ਹਨ ਜੋ ਇਕ ਦੂਜੇ ਦੇ ਦੁੱਖ ਸੁੱਖ ਦੇ ਸ਼ਰੀਕ ਹੁੰਦੇ ਹਨ। ਜਿਨ੍ਹਾਂ ਵਿੱਚ ਆਪਣਾਪਣ ਹੁੰਦਾ ਹੈ ਜਿਨ੍ਹਾਂ ਦਾ ਉਦੇਸ਼ ਆਪਣਾ ਹਿੱਤ ਨਹੀਂ ਸਗੋਂ ਸਮੂਹ ਦਾ ਹਿੱਤ ਹੁੰਦਾ ਹੈ। ਸਮੂਹ ਦੇ ਹਿੱਤ ਵਿਚ ਵੀ ਉਹ ਆਪਣਾ ਹਿੱਤ ਭਾਲਦੇ ਹਨ। ਦੂਜਾ ਇਹ ਗੌਣ ਸਮੂਹ ਨਾਲੋਂ ਆਕਾਰ ਵਿਚ ਛੋਟੇ ਹੁੰਦੇ ਹਨ ਅਤੇ ਇਨ੍ਹਾਂ ਸਮੂਹਾਂ ਦੇ ਮੈਂਬਰ ਆਪਸ ਵਿਚ ਆਹਮੋ-ਸਾਹਮਣੇ ਮਿਲਦੇ ਹਨ। ਉਨ੍ਹਾਂ ਵਿਚ ਕਈ ਪੱਧਰਾਂ ਤੇ ਸਮਾਨਤਾ ਪਾਈ ਜਾਂਦੀ ਹੈ। ਜਿਸ ਕਰਕੇ ਉਹਨਾਂ ਵਿਚੋਂ 'ਮੈਂ', 'ਮੇਰੀ' ਦੀ ਭਾਵਨਾ ਲੁੱਪਤ ਹੋ ਜਾਂਦੀ ਹੈ। ਉਦਾਹਰਣ ਵਜੋਂ ਤੁਸੀਂ ਸਿੱਖਾ ਨੂੰ ਲੈ ਸਕਦੇ ਹੋ। ਉਹ ਜਿਸ ਦੇਸ਼ ਵਿਚ ਜਾਂਦੇ ਹਨ ਉਥੇ ਆਪਣਾ ਗੁਰਦੁਆਰਾ ਸਥਾਪਤ ਕਰ ਲੈਂਦੇ ਹਨ। ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ। ਉਸ ਅੱਗੇ ਮੱਥਾ ਟੇਕਦੇ ਹਨ। ਕੀਰਤਨ ਸੁਣਦੇ ਹਨ ਤੇ ਗੁਰਬਾਣੀ ਦਾ ਸੁਆਦ ਮਾਣਦੇ ਹਨ। ਲੰਗਰ ਤਿਆਰ ਕਰਦੇ ਹਨ ਤੇ ਪੰਗਤ ਵਿਚ ਬੈਠ ਕੇ ਖਾਂਦੇ ਹਨ। ਉਹ ਕਿਸੇ ਵੀ ਬਾਹਰੀ ਦੇਸ਼ ਵਿੱਚ ਆਪਣੀ ਵਿਸ਼ੇਸ਼ਤਾ ਨਾਲ ਆਪਣਾ ਪ੍ਰਾਥਮਿਕ ਸਮੂਹ ਬਣਾ ਲੈਂਦੇ ਹਨ। ਨਿਊਜੀਲੈਂਡ ਵਰਗੇ ਛੋਟੇ ਦੇਸ਼ ਵਿੱਚ ਉਨ੍ਹਾਂ ਨੇ ਪੰਜਾਬ ਤੋਂ ਬਾਹਰ ਔਕਲੈਂਡ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਗੁਰਦੁਆਰਾ ਬਣਾਇਆ ਹੈ। ਉਥੇ ਜਾ ਕੇ ਤੁਹਾਨੂੰ ਇਹ ਭੁੱਲ ਹੀ ਜਾਂਦਾ ਹੈ ਕਿ ਤੁਸੀਂ ਪੰਜਾਬ ਵਿਚ ਹੋ ਜਾਂ ਫੇਰ ਨਿਊਜ਼ੀਲੈਂਡ ਵਿਚ ਹੋ। ਇਹ ਸਮੂਹ ਕਿਸੇ ਖਾਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਹੋਂਦ ਵਿਚ ਨਹੀਂ ਆਉਂਦੇ ਸਗੋਂ ਆਪਣੇ ਆਪ ਪ੍ਰਸਥਿਤੀਆਂ ਅਨੁਸਾਰ ਬਣ ਜਾਂਦੇ ਹਨ ਅਤੇ ਕੰਮ ਕਰਦੇ ਹਨ। ਜਿਵੇਂ ਪਰਿਵਾਰ ਦਾ ਸੰਗਠਨ ਜਿਸ ਦਾ ਇਤਿਹਾਸ ਬਹੁਤ ਪੁਰਾਣਾ ਹੈ ਸੋਚੇ ਸਮਝੇ ਢੰਗ ਨਾਲ ਹੋਂਦ ਵਿਚ ਨਹੀਂ ਆਇਆ। ਲੋੜਾਂ ਵਿਚੋਂ ਇਸ ਦਾ ਜਨਮ ਹੋਇਆ। ਇਸੇ ਤਰ੍ਹਾਂ ਬੱਚਿਆਂ ਦੀ ਖੇਡ ਦੇ ਸਾਥੀਆਂ ਦਾ ਸਮੂਹ ਅਤੇ ਗੁਆਂਢੀਆਂ ਜਾਂ ਬਾਲਗਾਂ ਦਾ ਸਮਾਜਕ ਸਮੂਹ ਸਰਵ ਵਿਆਪੀ ਹਨ ਅਤੇ ਇਤਿਹਾਸ ਦੇ ਹਰ ਸਮੇਂ ਦੌਰਾਨ ਇਨ੍ਹਾਂ ਦੀ ਹੋਂਦ ਰਹੀ ਹੈ। ਇਹ ਸਮੂਹ ਬੱਚੇ ਦੇ ਸਮਾਜੀਕਰਣ ਦੀਆਂ ਵਿਸ਼ੇਸ਼ ਏਜੰਸੀਆਂ ਹਨ ਜਿਸ ਵਿਚ ਬੱਚਾ ਆਪਣੇ ਸਮਾਜ ਦੀਆਂ ਰੂੜੀਆਂ, ਪਰੰਪਰਾਵਾਂ, ਪ੍ਰਥਾਵਾਂ ਅਤੇ ਸੰਸਕ੍ਰਿਤੀਆਂ ਨੂੰ ਸਿੱਖਦਾ ਹੈ। ਊਸ ਦੇ ਆਪੇ ਦਾ ਵਿਕਾਸ ਹੁੰਦਾ ਹੈ। ਉਹ ਆਪਣੀਆਂ ਲੋੜਾਂ ਪੂਰੀਆਂ ਕਰਦਾ ਹੈ।

**ਮੁੱਢਲਾ ਸਮੂਹ ਬਣਾਉਣ ਦੇ ਲਈ ਸ਼ਰਤਾਂ :-**

ਇਸ ਦੇ ਲਈ ਦੋ ਮੁੱਖ ਸ਼ਰਤਾਂ ਹਨ :

(i) ਭੌਤਿਕ (ii) ਮਾਨਸਿਕ

(i) ਭੌਤਿਕ ਸ਼ਰਤਾਂ ਲਈ ਸੰਬੰਧਾਂ ਵਿਚ ਨਜ਼ਦੀਕੀਪਣ ਹੋਣਾ ਜ਼ਰੂਰੀ ਹੈ।

(ii) ਮਾਨਸਿਕ ਸ਼ਰਤਾਂ ਦੇ ਵਿੱਚ ਟੀਚਿਆਂ ਦੀ ਪਛਾਣ ਆਉਂਦੀ ਹੈ। ਹਰ ਮੈਂਬਰ ਸਮੂਹ ਦੀਆਂ ਰੁਚੀਆਂ ਨੂੰ ਆਪਣੀਆਂ ਰੁਚੀਆਂ ਦੇ ਸਾਹਮਣੇ ਰੱਖਣ ਦੀ ਕੋਸ਼ਿਸ਼ ਕਰਦਾ ਹੈ।

### 4.3.1 ਪ੍ਰਾਥਮਿਕ ਸਮੂਹ ਦੀਆਂ ਵਿਸ਼ੇਸ਼ਤਾਵਾਂ (Merits of Primary Groups) :

**(ੳ) ਛੋਟਾ ਅਕਾਰ (Small Size)**

ਜਿਵੇਂ ਕਿ ਉਪਰ ਬਿਆਨ ਕੀਤਾ ਜਾ ਚੁੱਕਾ ਹੈ ਕਿ ਆਮ ਕਰਕੇ ਪ੍ਰਾਥਮਿਕ ਸਮੂਹਾਂ ਦਾ ਆਕਾਰ ਛੋਟਾ ਹੁੰਦਾ ਹੈ। ਜਿਸ ਲਈ ਉਹ ਰੂ-ਬ-ਰੂ ਹੁੰਦੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਸੰਬੰਧਾਂ ਵਿਚ ਨੇੜਤਾ, ਪੀਡਾਪਣ, ਹਮਦਰਦੀ ਅਤੇ ਸਹਿਯੋਗ ਦੀ ਭਾਵਨਾ ਬਣੀ ਰਹਿੰਦੀ ਹੈ। ਜਿੰਨਾ ਕਿਸੇ ਸਮੂਹ ਦਾ ਆਕਾਰ ਵੱਡਾ ਹੋਵੇਗਾ ਉਨਾ ਹੀ ਉਸ ਸਮੂਹ ਵਿਚ ਇਹਨਾਂ ਗੱਲ੍ਹਾਂ ਦੀ ਘਾਟ ਅਤੇ ਲੜਾਈ ਝਗੜਾ, ਤਕਰਾਰ ਵਿਚ ਵਾਧਾ ਹੋਵੇਗਾ।

**(ਅ) ਰਵਾਇਤੀ ਸਾਂਝ (Customary Relationship)**

ਜਦੋਂ ਸਮੂਹ ਦੇ ਮੈਂਬਰ ਰੋਜ਼ ਆਪਸ ਵਿਚ ਮਿਲਦੇ ਜੁਲਦੇ ਹਨ ਤਾਂ ਉਨ੍ਹਾਂ ਵਿਚ, ਉਨ੍ਹਾਂ ਦੇ ਵਿਚਾਰਾਂ ਵਿਚ ਸਮੀਪਤਾ ਆਉਣ ਦੀ ਸੰਭਾਵਨਾ ਹੁੰਦੀ ਹੈ ਕਿਉਂਕਿ ਜੇ ਉਹ ਇਕ ਦੂਸਰੇ ਨੂੰ ਜਾਣਦੇ ਹੀ ਨਾ ਹੋਣ ਤਾਂ ਉਹ ਆਪਣੇ ਵਿਚਾਰ, ਦੁੱਖ-ਸੁੱਖ ਜਾਂ ਹੋਰ ਮਸਲੇ ਕਿਵੇਂ ਹੱਲ ਕਰ ਸਕਦੇ ਹਨ ਅਤੇ ਜੇ ਉਹ ਆਪਸ ਵਿਚ ਰੂ-ਬ-ਰੂ ਹੀ ਨਾ ਹੋਣ ਤਾਂ ਉਹ ਇਕ ਦੂਜੇ ਨੂੰ ਜਾਣ ਕਿਵੇਂ ਸਕਦੇ ਹਨ। ਜਿਵੇਂ ਭਾਰਤ ਵਿਚ ਬਜ਼ੁਰਗਾਂ ਨੂੰ ਮੱਥਾ ਟੇਕਣ ਦੀ ਰਵਾਇਤ ਹੈ। ਇਹ ਰਵਾਇਤ ਕਿਸੇ ਵੀ ਦੇਸ਼ ਵਿਚ ਜਾ ਕੇ ਵੀ ਕਾਇਮ ਰਹਿੰਦੀ ਹੈ।

**(ੲ) ਸਥਿਰਤਾ (Stability)**

ਸਮੂਹ ਦੇ ਸੰਬੰਧ ਤਾਂ ਹੀ ਵੱਧ ਸਕਦੇ ਹਨ, ਉਨ੍ਹਾਂ ਵਿਚ ਸਮੀਪਤਾ ਤਾਂ ਹੀ ਹੋ ਸਕਦੀ ਹੈ ਜੇ ਸਮੂਹਾਂ ਵਿਚ ਸਥਿਰਤਾ ਹੋਵੇਗੀ। ਸਿੱਖਾਂ ਵਿਚ ਪਗੜੀ ਦੀ ਸਾਂਝ ਉਨ੍ਹਾਂ ਨੂੰ ਸਥਿਰ ਬਣਾਉਂਦੀ ਹੈ।

**(ਸ) ਨਿਰੰਤਰ ਸੰਬੰਧ (Continuity of Relations)**

ਸਮੂਹਾਂ ਦੇ ਮੈਂਬਰਾਂ ਦੇ ਸੰਬੰਧ ਤਾਂ ਹੀ ਲੰਮੇ ਸਮੇਂ ਵਾਸਤੇ ਚਲ ਸਕਦੇ ਹਨ ਜੇ ਉਹ ਹਰ ਰੋਜ਼ ਆਪਸ ਵਿਚ ਮਿਲ ਕੇ ਆਪਣੇ ਮਾਮਲਿਆਂ

ਤੇ ਵਿਚਾਰ ਵਟਾਂਦਰਾ ਕਰਦੇ ਹੋਏ ਉਨ੍ਹਾਂ ਦਾ ਹੱਲ ਕਰਦੇ ਰਹਿਣ । ਉਦਾਹਰਣ ਵਜੋਂ ਸਿੱਖ ਆਪਣੇ ਧਾਰਮਿਕ ਮਾਮਲਿਆਂ ਵਿਚ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੋਂ ਚਾਨਣਾ ਲੈਂਦੇ ਹਨ ।

(ਹ) **ਸਾਂਝੇ ਟੀਚੇ (Common Aims)**

ਪ੍ਰਾਥਮਿਕ ਸਮੂਹਾਂ ਦੀ ਸਥਿਰਤਾ ਅਤੇ ਸੰਬੰਧਾਂ ਵਿਚ ਨਿਰੰਤਰਤਾ ਦਾ ਕਾਰਣ ਇਹ ਵੀ ਹੈ ਕਿ ਇਸ ਦੇ ਮੈਂਬਰਾਂ ਦੇ ਲਕਸ਼ ਸਾਂਝੇ ਹੁੰਦੇ ਹਨ ਉਹ ਸਮੂਹ ਦੀ ਭਲਾਈ ਵਿਚ ਹੀ ਆਪਣੀ ਭਲਾਈ ਲੱਭਦੇ ਹਨ । ਉਹ ਨਿਜੀ ਨਹੀਂ ਸਮੂਹ ਦੀ ਭਲਾਈ ਲਈ ਸਿਰਤੋੜ ਯਤਨ ਕਰਦੇ ਹਨ । ਸਮੂਹਾਂ ਦੀਆਂ ਕਦਰਾਂ ਕੀਮਤਾਂ ਅਤੇ ਅਸੂਲਾਂ ਦਾ ਹੀ ਗੁਣ-ਗਾਣ ਕਰਦੇ ਹਨ । ਦੁਨੀਆਂ ਭਰ ਵਿਚ ਤੁਸੀਂ ਕਿਸੇ ਵੀ ਦੇਸ ਵਿਚ ਕਿਸੇ ਵੀ ਗੁਰਦੁਆਰੇ ਵਿਚ ਚਲੇ ਜਾਓ ਤੁਹਾਨੂੰ ਲੰਗਰ ਵਿਚ ਦਾਲ ਰੋਟੀ ਤੇ ਆਰਾਮ ਕਰਨ ਦਾ ਸਥਾਨ ਜ਼ਰੂਰ ਮਿਲੇਗਾ । ਇਸ ਪ੍ਰਕਾਰ ਦਾ ਪ੍ਰਬੰਧ ਸਮੁਦਾਇ ਹੀ ਕਰਦਾ ਹੈ ।

ਕਿੰਗਸਲੇ ਡੇਵਿਸ ਅਨੁਸਾਰ, "ਮਨੋਰਥਾਂ ਦੀ ਇਕਰੂਪਤਾ ਸਮੂਹ ਵਿਚ ਸ਼ਖਸੀਅਤ ਦੇ ਘੁਲਣ-ਮਿਲਣ ਨਾਲ ਸੰਬੰਧਿਤ ਹੈ, ਤੇ ਕਿਸੇ ਚੀਜ਼ ਦਾ ਇਕ ਨੂੰ ਜੋ ਅਨੁਭਵ ਹੁੰਦਾ ਹੈ, ਦੂਜੇ ਨੂੰ ਵੀ ਉਸੇ ਦਾ ਅਨੁਭਵ ਹੁੰਦਾ ਹੈ ।"

(ਕ) **ਪਿਛੋਕੜ ਦਾ ਸਤਿਕਾਰ (Regards for Background)**

ਭਾਵੇਂ ਕਿ ਸਮੂਹ ਦੇ ਮੈਂਬਰਾਂ ਦਾ ਸੰਸਕ੍ਰਿਤਕ ਪਿਛੋਕੜ ਕੁਝ ਭਿੰਨ ਹੋ ਸਕਦਾ ਹੈ ਪਰ ਜੇ ਇਹ ਬਿਲਕੁਲ ਹੀ ਭਿੰਨ ਹੋਵੇ ਤੇ ਉਹ ਪ੍ਰਾਥਮਿਕ ਸਮੂਹ ਦਾ ਨਿਰਮਾਣ ਨਹੀਂ ਕਰਦੇ । ਇਸ ਲਈ ਉਨ੍ਹਾਂ ਦੇ ਸੰਸਕ੍ਰਿਤਕ ਪਿਛੋਕੜ ਵਿਚ ਸਮੀਪਤਾ ਜ਼ਰੂਰੀ ਹੋਣੀ ਚਾਹੀਦੀ ਹੈ । ਪੰਜਾਬੀ ਆਪਣੇ ਮਹਿਮਾਨ ਦਾ ਸਤਿਕਾਰ ਵਿੱਤ ਤੋਂ ਜ਼ਿਆਦਾ ਕਰਦੇ ਹਨ । ਉਹ ਉਸ ਲਈ ਆਪਣੀ ਜਾਨ ਦੀ ਕੁਰਬਾਨੀ ਵੀ ਦੇ ਸਕਦੇ ਹਨ । "ਮਹਿਮਾਨ ਜੋ ਹਮਾਰਾ ਹੋਤਾ ਹੈ ਵੁਹ ਜਾਨ ਸੇ ਪਿਆਰਾ ਹੋਤਾ ਹੈ" ।

ਇਸੇ ਪ੍ਰਕਾਰ ਹੀ ਭਾਰਤ ਵਿੱਚ ਬੱਚੇ ਮਾਂ ਬਾਪ ਦੀ ਬੁਢਾਪੇ ਵਿੱਚ ਸੇਵਾ ਕਰਨਾ ਰਵਾਇਤੀ ਸਮਝਦੇ ਹਨ, ਪਰ ਅਮਰੀਕਾ ਵਿਚ ਉਨ੍ਹਾਂ ਨੂੰ ਬੁਢਾਪੇ ਘਰਾਂ ਵਿੱਚ ਘੱਲ ਦਿੱਤਾ ਜਾਂਦਾ ਹੈ । ਇਸ ਭਾਰਤੀ ਪਿਛੋਕੜ ਦੀ ਮਹਾਨਤਾ ਹੈ ।

(ਖ) **ਸੰਬੰਧ ਸਵੈ-ਸਿੱਧ ਬਣਦੇ ਹਨ (Auto Relationship)**

ਜਦੋਂ ਸਮੂਹ ਦੇ ਮੈਂਬਰਾਂ ਦੇ ਸੰਬੰਧ ਬਣਦੇ ਹਨ ਤਾ ਇਹ ਕਿਸੇ ਵਿਅਕਤੀ ਦੀ ਜਾਣ-ਬੁਝ ਕੇ ਕੀਤੀ ਗਈ ਕੋਸ਼ਿਸ਼ ਹੀ ਨਹੀਂ ਹੁੰਦੀ । ਉਹ ਆਪ ਮੁਹਾਰੇ ਇਕ ਦੂਜੇ ਨੂੰ ਜਾਨਣ ਲੱਗ ਜਾਂਦੇ ਹਨ ਜਿਸ ਵਿਚ ਕੋਈ ਸਵਾਰਥੀਪੁਣਾ ਜਾਂ ਡਰਾਮੇਬਾਜ਼ੀ ਨਹੀਂ ਹੁੰਦੀ ਸਗੋਂ ਉਹ ਦਿਲੋਂ ਇਕ ਦੂਜੇ ਨਾਲ ਸੰਬੰਧਤ ਹੁੰਦੇ ਹਨ ।

(ਗ) **ਸੀਮਿਤ ਸਵੈ-ਇੱਛਾ (Limited Self-Interest) :** ਪ੍ਰਾਥਮਿਕ ਸਮੂਹ ਉਹ ਹੁੰਦੇ ਹਨ ਜਿਨ੍ਹਾਂ ਵਿਚ ਮੈਂਬਰ ਇਕ ਦੂਜੇ ਨੂੰ ਜਾਣਦੇ ਹੁੰਦੇ ਹਨ, ਉਹਨਾਂ ਦਾ ਮਿਲਣ-ਜੁਲਣ ਰੂ-ਬ-ਰੂ ਹੁੰਦਾ ਹੈ । ਉਹ ਸਵਾਰਥੀ ਨਹੀਂ ਹੁੰਦੇ । ਉਨ੍ਹਾਂ ਦੇ ਹਿੱਤ ਸਾਂਝੇ ਹੁੰਦੇ ਹਨ । ਉਹ ਸਮੂਹ ਦੀ ਭਲਾਈ ਤੇ ਚੜ੍ਹਦੀ ਕਲਾ ਲਈ ਕੰਮ ਕਰਦੇ ਹਨ ਅਤੇ ਇਨ੍ਹਾਂ ਸਮੂਹਾਂ ਵਿਚ ਵਿਅਕਤੀ ਦੇ ਆਪੇ ਦਾ ਵਿਕਾਸ ਹੁੰਦਾ ਹੈ ਤੇ ਉਹ ਕਿਸੇ ਸਮਾਜ ਦਾ ਚੰਗਾ ਸ਼ਹਿਰੀ ਬਣਦਾ ਹੈ ।

**ਆਪਣਾ ਗਿਆਨ ਪਰਖੋ :**

(ੳ) **ਅੰਤਰ-ਸਮੂੰਹ ਤੋਂ ਕੀ ਭਾਵ ਹੈ?**

..........................................................................................

..........................................................................................

..........................................................................................

(ਅ) **ਪ੍ਰਾਥਮਿਕ ਸਮੂਹ ਨੂੰ ਬਿਆਨ ਕਰੋ ।**

..........................................................................................

..........................................................................................

..........................................................................................

(ੲ) **ਬਾਹਰੀ ਸਮੂਹ ਕਿਸਨੂੰ ਆਖਦੇ ਹਨ?**

..........................................................................................

..........................................................................................

..........................................................................................

## 4.4 ਗੌਣ-ਸਮੂਹ (Secondary Groups)

ਪ੍ਰਾਥਮਿਕ ਸਮੂਹ ਨੂੰ ਜਾਨਣ ਤੋਂ ਬਾਅਦ ਗੌਣ ਸਮੂਹ ਦੀ ਜਾਣਕਾਰੀ ਆਪਣੇ ਆਪ ਹੋ ਜਾਂਦੀ ਹੈ ਕਿਉਂਕਿ ਗੌਣ ਸਮੂਹ ਬਿੱਲਕੁਲ ਪ੍ਰਾਥਮਿਕ ਸਮੂਹ ਦੇ ਉਲਟ ਹੁੰਦਾ ਹੈ ਜਿਵੇਂ ਪ੍ਰਾਥਮਿਕ ਸਮੂਹ ਦਾ ਆਕਾਰ ਛੋਟਾ ਹੁੰਦਾ ਹੈ, ਗੌਣ ਸਮੂਹ ਦਾ ਆਕਾਰ ਵੱਡਾ ਹੁੰਦਾ ਹੈ। ਇਹ ਵੱਧ ਰਹੀ ਸੰਸਕ੍ਰਿਤਕ ਜਟਿਲਤਾ ਕਾਰਨ ਹੋਂਦ ਵਿਚ ਆਉਂਦੇ ਹਨ। ਇਸ ਦੇ ਮੈਂਬਰ ਕ੍ਰਿਆਹੀਨ ਰੋਲ ਅਦਾ ਕਰਦੇ ਹਨ ਅਤੇ ਵਿਸ਼ੇਸ਼ਗਾਂ ਨੂੰ ਜ਼ਿੰਮੇਵਾਰੀ ਸੌਂਪਦੇ ਹਨ। ਪ੍ਰਾਥਮਿਕ ਸਮੂਹ ਵਿਚ ਮੈਂਬਰਾਂ ਦੇ ਸੰਬੰਧ ਵਿਅਕਤੀਗਤ ਹੁੰਦੇ ਹਨ, ਗੌਣ ਸਮੂਹ ਵਿਚ ਅਵਿਅਕਤੀਗਤ ਹੁੰਦੇ ਹਨ ਅਤੇ ਇਨ੍ਹਾਂ ਸਮੂਹਾਂ ਦੇ ਮੈਂਬਰ ਪ੍ਰਾਥਮਿਕ ਸਮੂਹਾਂ ਵਾਂਗ ਇਕ ਦੂਜੇ ਬਾਰੇ ਭਰਵੀਂ ਜਾਣਕਾਰੀ ਨਹੀਂ ਰੱਖਦੇ। ਨਾ ਹੀ ਇਨ੍ਹਾਂ ਦੇ ਮੈਂਬਰਾਂ ਵਿਚ ਭਾਵਾਤਮਿਕ ਪ੍ਰਬਲ ਭਾਰੂ ਹੁੰਦੀ ਹੈ ਅਤੇ ਇਨ੍ਹਾਂ ਵਿਚ ਸਹਿਯੋਗ ਵੀ ਅਪ੍ਰਤਖ ਅਤੇ ਰਸਮੀ ਹੁੰਦਾ ਹੈ। ਇਹ ਸਮੂਹ ਆਪਣੇ ਆਪ ਨਹੀਂ ਵਿਕਸਿਤ ਹੁੰਦੇ। ਇਨ੍ਹਾਂ ਦੀ ਮੈਂਬਰਸ਼ਿਪ ਵੀ ਵਿਅਕਤੀ ਦੀ ਇੱਛਾ ਤੇ ਨਿਰਭਰ ਕਰਦੀ ਹੈ। ਉਦਾਹਰਣ ਵਜੋਂ ਬਜ਼ੁਰਗ ਬਜ਼ੁਰਗਾਂ ਨਾਲ ਮਿਲ ਕੇ ਬੈਠਦੇ ਹਨ ਤੇ ਨੌਜਵਾਨਾਂ ਦੀ ਆਪਣੀ ਤਰ੍ਹਾਂ ਦੀ ਸ਼ਾਨ ਹੁੰਦੀ ਹੈ ਤੇ ਉਹ ਇਕੱਠੇ ਹੋ ਕੇ ਖੇਡਦੇ ਹਨ।

**ਮੈਕਾਵਿਏਰ** ਅਤੇ **ਪੇਜ਼** ਨੇ ਆਪਣੀ ਪੁਸਤਕ "ਸੁਸਾਇਟੀ : ਐਨ ਇਨਟਰੋਡਕਟਰੀ ਅਨੈਲੈਸਿਜ਼" ਵਿਚ ਸੰਕੇਤ ਦਿੱਤਾ ਹੈ ਕਿ ਪ੍ਰਾਥਮਿਕ ਸਮੂਹ ਸੰਬੰਧ ਆਦਿ ਕਾਲੀਨ ਸਮਾਜ ਜਾਂ ਸੰਗਠਨਾਂ ਅਤੇ ਛੋਟੀਆਂ ਛੋਟੀਆਂ ਸਮੁਦਾਵਾਂ ਦੇ ਲੱਛਣ ਹਨ। ਅਜਿਹੀਆਂ ਹਾਲਤਾਂ ਅਧੀਨ ਆਮੋ-ਸਾਮ੍ਹਣੀਆਂ ਸਭਾਵਾਂ ਉਚਿਤ ਸਾਬਤ ਹੁੰਦੀਆਂ ਹਨ। ਜਨ-ਸੰਖਿਆ ਦੇ ਅਤੇ ਸਮਾਜ ਦੇ ਖੇਤਰ ਵਿਚ ਵਿਸਤਾਰ ਹੋਣ ਨਾਲ ਹਿੱਤ ਵੱਖ-ਵੱਖ ਪ੍ਰਕਾਰ ਦੇ ਹੋ ਜਾਂਦੇ ਹਨ ਅਤੇ ਹੋਰ ਕਿਸਮਾਂ ਦੇ ਸੰਬੰਧ ਆਵੱਸ਼ਕ ਬਣ ਜਾਂਦੇ ਹਨ। ਅਜਿਹੇ ਸੰਬੰਧ ਅਪ੍ਰਤੱਖ ਅਤੇ ਅਵਿਅਕਤਿਕ ਹੁੰਦੇ ਹਨ। ਇਸ ਤਰ੍ਹਾਂ ਗੌਣ ਸਮੂਹ ਜਾਂ ਜਿਵੇਂ ਉਨ੍ਹਾਂ ਨੂੰ ਨਾ ਦਿੱਤਾ "ਮਹਾਨ ਸਭਾ" ਹੋਂਦ ਵਿਚ ਆਉਂਦੇ ਹਨ।

**ਸਮਨਰ** ਅਨੁਸਾਰ "ਗੌਣ ਸਮੂਹ ਉਹ ਹੁੰਦੇ ਹਨ ਜਿਨ੍ਹਾਂ ਵਿਚ ਨਿਸ਼ਚਿਤ ਨਿੱਘੇ ਸੰਬੰਧ ਨਹੀਂ ਹੁੰਦੇ ਜਿਵੇਂ ਰਾਜਨੀਤਿਕ ਦੱਲ। ਇਸ ਦੇ ਮੈਂਬਰ ਕਦੇ ਵੀ ਜਦੋਂ ਵੀ ਫਾਇਦਾ ਹੁੰਦਾ ਹੋਵੇ, ਪਲਟੀ ਮਾਰ ਜਾਣਗੇ।

**ਸੀ.ਐਚ.ਕੂਲੇ** ਦੇ ਸ਼ਬਦਾਂ ਵਿਚ "ਇਹ ਉਹ ਗਰੁੱਪ ਹਨ ਜਿਨ੍ਹਾਂ ਵਿਚ ਘਨਿਸ਼ਟਤਾ ਦੀ ਪੂਰੀ ਘਾਟ ਹੁੰਦੀ ਹੈ ਅਤੇ ਆਮ ਤੌਰ ਤੇ ਇਨ੍ਹਾਂ ਵਿਚ ਪ੍ਰਾਥਮਿਕ ਅਤੇ ਅਰਧ ਪ੍ਰਾਥਮਿਕ ਵਿਸ਼ੇਸ਼ਤਾਈਆਂ ਦਾ ਅਭਾਵ ਹੁੰਦਾ ਹੈ।"

**ਕਿੰਗਸਲੇ ਡੈਵਿਸ** ਨੇ ਗੌਣ ਸਮੂਹ ਦੀ ਵਿਸਤਰਿਤ ਪਰਿਭਾਸ਼ਾ ਦਿੰਦੇ ਹੋਏ ਕਿਹਾ "ਗੌਣ ਸਮੂਹ ਇੰਨ੍ਹਾਂ ਵਿਸਤ੍ਰਿਤ ਖੇਤਰ ਵਿਚ ਫੈਲਿਆ ਹੁੰਦਾ ਹੈ ਕਿ ਕਿਸੇ ਵੀ ਦੋ ਮੈਂਬਰਾਂ ਦਾ ਇਕ ਦੂਜੇ ਦੇ ਨਜ਼ਦੀਕ ਰਹਿਣਾ ਲਾਜ਼ਮੀ ਨਹੀਂ ਹੁੰਦਾ। ਇਹ ਸਮੂਹ ਆਕਾਰ ਵਿਚ ਇੰਨੇ ਵੱਡੇ ਹੁੰਦੇ ਹਨ ਕਿ ਉਸ ਦੇ ਸਾਰੇ ਮੈਂਬਰਾਂ ਦਾ ਵਿਅਕਤੀਗਤ ਰੂਪ ਵਿਚ ਇਕ ਦੂਜੇ ਬਾਰੇ ਜਾਣਕਾਰੀ ਲੈਣਾ ਜਾਂ ਦੇਣਾ ਸੰਭਵ ਨਹੀਂ ਹੁੰਦਾ। ਕਈ ਵਾਰ ਉਹ ਇਸ ਪ੍ਰਕਾਰ ਦੀ ਸਾਂਝ ਬਣਾਉਣ ਦੀ ਲੋੜ ਵੀ ਨਹੀਂ ਸਮਝਦੇ।

### 4.4.1 ਗੌਣ ਸਮੂਹ ਦੀਆਂ ਵਿਸ਼ੇਸ਼ਤਾਵਾਂ (Merits of Secondary Groups)

(ੳ) **ਰਸਮੀ ਸੰਬੰਧ (Customary Relations)** ਗੌਣ ਸਮੂਹ ਦੇ ਮੈਂਬਰਾਂ ਦੇ ਸੰਬੰਧਾਂ ਵਿਚ ਵਿਸ਼ੇਸ਼ ਭਾਂਤ ਦੀ ਭਾਵਨਾਤਮਕ ਸਾਂਝ ਨਹੀਂ ਹੁੰਦੀ ਨਾ ਹੀ ਉਹ ਇਕ ਦੂਜੇ ਨੂੰ ਨੇੜਿਓਂ ਜਾਣਦੇ ਹੁੰਦੇ ਹਨ। ਉਨ੍ਹਾਂ ਦੇ ਸੰਬੰਧ ਰਸਮੀ ਭਾਂਤ ਦੇ ਹੁੰਦੇ ਹਨ। ਉਹ ਦੂਰ ਦੁਰਾਡੇ ਰਹਿੰਦੇ ਹਨ। ਉਹ ਆਪਣੀ ਡਿਊਟੀ ਹੀ ਨਿਭਾਉਂਦੇ ਹਨ। ਜਿਵੇਂ ਜੇ ਅਸੀਂ ਕਚਹਿਰੀ ਵਿਚ ਜਾਂਦੇ ਹਾਂ ਉਥੇ ਚਪੜਾਸੀ ਵੀ ਹੈ, ਵਕੀਲ ਵੀ, ਕਲਰਕ ਅਤੇ ਜੱਜ ਵੀ। ਅਸੀਂ ਆਪਣੀ ਪੇਸ਼ੀ ਭੁਗਤ ਕੇ ਆ ਜਾਂਦੇ ਹਾਂ। ਸਾਰੇ ਆਪਣਾ ਆਪਣਾ ਕੰਮ ਕਰਦੇ ਹਨ ਤੇ ਆਪਸ ਵਿਚ ਕੇਵਲ ਰਵਾਇਤੀ ਸੰਬੰਧ ਹੀ ਰੱਖਦੇ ਹੁੰਦੇ ਹਨ।

(ਅ) **ਵੱਡਾ ਆਕਾਰ (Large Size)**

ਪ੍ਰਾਥਮਿਕ ਸਮੂਹ ਦੇ ਮੁਕਾਬਲੇ ਗੌਣ ਸਮੂਹਾਂ ਦਾ ਆਕਾਰ ਬਹੁਤ ਹੀ ਵੱਡਾ ਹੁੰਦਾ ਹੈ। ਇਸੇ ਕਰਕੇ ਇਨ੍ਹਾਂ ਸਮੂਹਾਂ ਦੇ ਮੈਂਬਰ ਇਕ ਦੂਜੇ ਨੂੰ ਜਾਣਦੇ ਨਹੀਂ ਹੁੰਦੇ ਅਤੇ ਦੂਰ ਦੁਰਾਡੇ ਰਹਿੰਦੇ ਹਨ, ਜਿਵੇਂ ਅੰਤਰਰਾਸ਼ਟਰੀ ਸੰਸਥਾਵਾਂ ਦੇ ਮੈਂਬਰ ਦੂਰ-ਦੁਰਾਡੇ ਸਾਰੀ ਦੁਨੀਆਂ ਵਿਚ ਫੈਲੇ ਹੋਏ ਹੁੰਦੇ ਹਨ। ਉਦਾਹਰਣ ਵਜੋਂ ਅਸੀਂ ਮਾਨਵੀ ਹੱਕਾਂ ਦੇ ਸੰਗਠਨ ਦੀ ਗੱਲ ਕਰ ਸਕਦੇ ਹਾਂ। ਇਹ ਦੁਨੀਆਂ ਭਰ ਦੇ ਲੋਕਾਂ ਨੂੰ ਆਪਸ ਵਿੱਚ ਜੋੜਦੇ ਹਨ।

(ੲ) **ਮੈਂਬਰ ਬਣਨਾ (Membership)**

ਇਸ ਦਾ ਮੈਂਬਰ ਬਣਨਾ ਵੀ ਆਦਮੀ ਦੀ ਇੱਛਾ ਤੇ ਨਿਰਭਰ ਕਰਦਾ ਹੈ। ਜੇ ਉਹ ਚਾਹੇ ਤਾਂ ਇਨ੍ਹਾਂ ਸਮੂਹਾਂ ਦਾ ਮੈਂਬਰ ਬਣ ਸਕਦਾ ਹੈ ਜਿਵੇਂ ਕਿਸੇ ਯੂਨੀਅਨ ਦਾ ਮੈਂਬਰ ਬਣਨਾ ਹਰ ਮਜ਼ਦੂਰ ਲਈ ਜ਼ਰੂਰੀ ਨਹੀਂ। ਇਹ ਉਸ ਦੀ ਇੱਛਾ ਤੇ ਨਿਰਭਰ ਕਰਦਾ ਹੈ। ਸਿੱਖਿਆ ਦੇ ਖੇਤਰ ਵਿਚ ਅਧਿਆਪਕ-ਮਾਪੇ ਸੰਗਠਨਾਂ ਦੇ ਮੈਂਬਰ ਬਣਨਾ ਜ਼ਰੂਰੀ ਨਹੀਂ ਹੁੰਦਾ, ਪਰ ਤੁਸੀਂ ਮੈਂਬਰ ਮਰਜ਼ੀ ਨਾਲ ਬਣਦੇ ਹੋ। ਇਸੇ ਪ੍ਰਕਾਰ ਹੀ ਅਧਿਆਪਕ ਸੰਸਗਠਨ ਬਣੇ ਹੋਏ ਹੁੰਦੇ ਹਨ। ਹਰ ਅਧਿਆਪਕ ਲਈ ਉਨ੍ਹਾਂ ਦਾ ਮੈਂਬਰ ਬਣਨਾ ਜ਼ਰੂਰੀ ਨਹੀਂ ਹੁੰਦਾ।

**(ਸ) ਸਰਗਰਮ ਅਤੇ ਗੈਰ ਸਰਗਰਮ ਮੈਂਬਰ (Active and Non Active Members)**

ਇਸ ਵਿਚ ਦੋਵੇਂ ਤਰ੍ਹਾਂ ਦੇ ਮੈਂਬਰ ਹੁੰਦੇ ਹਨ ਜੋ ਸਰਗਰਮ ਵੀ ਹੁੰਦੇ ਹਨ ਅਤੇ ਗੈਰ-ਸਰਗਰਮ ਵੀ। ਸਮੂਹ ਦਾ ਆਕਾਰ ਵੱਡਾ ਹੋਣ ਕਰਕੇ ਇਸ ਦੇ ਸਾਰੇ ਮੈਂਬਰ ਸਰਗਰਮ ਨਹੀਂ ਹੋ ਸਕਦੇ। ਜੋ ਮੁੱਖ ਅਹੁਦੇ ਤੇ ਜਾਂ ਉਨ੍ਹਾਂ ਦੇ ਨੇੜੇ ਹੁੰਦੇ ਹਨ ਉਹ ਸਰਗਰਮੀ ਨਾਲ ਕੰਮ ਕਰਦੇ ਹਨ। ਮੈਂਬਰ ਬਨਣ ਤੋਂ ਉਪਰੰਤ ਸਰਗਰਮੀ ਨਾਲ ਕੰਮ ਕਰਨਾ ਜ਼ਰੂਰੀ ਨਹੀਂ ਹੁੰਦਾ। ਗੈਰ-ਸਰਗਰਮ ਮੈਂਬਰ ਵੀ ਰਹਿ ਸਕਦਾ ਹੁੰਦਾ ਹੈ।

**(ਹ) ਸੰਬੰਧ (Relations)**

ਇਨ੍ਹਾਂ ਸਮੂਹਾਂ ਦੇ ਮੈਂਬਰਾਂ ਦੇ ਸੰਬੰਧ ਆਪਸ ਵਿਚ ਮੋਹ-ਭਿੱਜੇ ਨਹੀਂ ਹੁੰਦੇ ਕਿਉਂਕਿ ਉਹ ਆਪਸ ਵਿਚ ਕਈ ਵਾਰ ਜਾਣਦੇ ਤੱਕ ਨਹੀਂ, ਮਿਲਦੇ ਤੱਕ ਨਹੀਂ ਹੁੰਦੇ ਕਿਉਂਕਿ ਆਕਾਰ ਵੱਡਾ ਹੋਣ ਕਰਕੇ ਉਹ ਦੁਨੀਆਂ ਵਿਚ ਦੂਰ ਦੁਰਾਡੇ ਫੈਲੇ ਹੁੰਦੇ ਹਨ। ਉਦਾਹਰਣ ਵਜੋਂ ਅਸੀਂ ਯੂ.ਐਨ.ਓ. ਦੀ ਗੱਲ ਕਰ ਸਕਦੇ ਹਾਂ। ਇਸ ਦੇ ਮੈਂਬਰ ਸਾਰੀ ਦੁਨੀਆਂ ਦੇ ਦੇਸ਼ ਹਨ।

**(ਕ) ਲਿਖਤੀ ਅਸੂਲ (Written Objectives)**

ਗੌਣ ਸਮੂਹਾਂ ਲਿਖਤੀ ਕਾਇਦੇ ਕਾਨੂੰਨਾਂ ਅਨੁਸਾਰ ਚਲਦੇ ਹਨ। ਉਨ੍ਹਾਂ ਕਾਇਦੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਇਨ੍ਹਾਂ ਵਿਚ ਬਕਾਇਦਾ ਸੰਗਠਨ ਹੁੰਦਾ ਹੈ।

**(ਖ) ਮੈਂਬਰ ਦਾ ਰੁਤਬਾ (Status of the Member)**

ਇਨ੍ਹਾਂ ਸਮੂਹਾਂ ਵਿਚ ਮੈਂਬਰ ਦਾ ਰੁਤਬਾ ਉਸ ਦੀ ਭੂਮਿਕਾ ਤੇ ਨਿਰਭਰ ਕਰਦਾ ਹੈ ਕਿ ਸਮੂਹ ਵਿਚ ਉਹ ਕਿਸ ਕਿਸਮ ਦੀ ਭੂਮਿਕਾ ਨਿਭਾ ਰਿਹਾ ਹੈ। ਉਹ ਸਰਗਰਮ ਮੈਂਬਰ ਹੈ ਜਾਂ ਗੈਰ-ਸਰਗਰਮ ਹੈ ਜਾਂ ਉਹ ਕੀ ਹੈ ? ਪ੍ਰਧਾਨ ਸੈਕਟਰੀ, ਉਪ ਪ੍ਰਧਾਨ ਜਾਂ ਕੋਈ ਹੋਰ।

**(ਗ) ਨਿਸ਼ਚਿਤ ਉਦੇਸ਼ (Fixed Objectives)**

ਗੌਣ ਸਮੂਹ ਦਾ ਕੰਮ ਹੀ ਨਿਸ਼ਚਿਤ ਉਦੇਸ਼ਾਂ ਦੀ ਪ੍ਰਾਪਤੀ ਕਰਨਾ ਹੁੰਦਾ ਹੈ ਅਤੇ ਉਨ੍ਹਾਂ ਦੀ ਸਵੀਕਿਰਤੀ ਸਮਾਜ ਵਿਚ ਇਸੇ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਉਦੇਸ਼ਾਂ ਨੂੰ ਪ੍ਰਾਪਤ ਕਰਨ ਪਿਛੋਂ ਕਿੰਨੇ ਕੁ ਸਫ਼ਲ ਹੁੰਦੇ ਹਨ ਜਿਵੇਂ ਮਜ਼ਦੂਰ ਯੂਨੀਅਨ ਮਜ਼ਦੂਰਾਂ ਦੀਆਂ ਚੰਗੀਆਂ ਸਹੂਲਤਾਂ ਲਈ ਸੰਘਰਸ਼ ਕਰਦੀ ਹੈ। ਵਿਦਿਅਕ ਸੰਸਥਾਵਾਂ ਦਾ ਉਦੇਸ਼ ਉੱਚੀ ਅਤੇ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ।

**(ਘ) ਆਤਮ-ਨਿਰਭਰਤਾ (Self Dependence)**

ਗੌਣ ਸਮੂਹ ਦੇ ਮੈਂਬਰ ਆਤਮ ਨਿਰਭਰ ਹੁੰਦੇ ਹਨ ਇਸੇ ਕਰਕੇ ਉਨ੍ਹਾਂ ਵਿਚ ਵਿਅਕਤੀਵਾਦ ਪੈਦਾ ਹੋ ਜਾਂਦਾ ਹੈ। ਜਦੋਂ ਉਨ੍ਹਾਂ ਦਾ ਨਿੱਜੀ ਸਵਾਰਥ ਪੂਰਾ ਹੋ ਜਾਂਦਾ ਹੈ ਤਾ ਉਹ ਸਮੂਹ ਨਾਲੋਂ ਨਾਤਾ ਤੋੜ ਲੈਂਦੇ ਹਨ।

**(ਙ) ਬਹੁਭਾਂਤੀ (Many Sided)**

ਇਹ ਬਹੁਭਾਂਤੀ ਅਤੇ ਦੀਰਘਕਾਲੀ ਹੁੰਦੇ ਹਨ।

**(ਚ) ਰਸਮੀ ਵਿਧੀਆਂ (Customary Techniques)**

ਇਨ੍ਹਾਂ ਵਿਚ ਸਮਾਜਕ ਨਿਯੰਤਰਣ ਰਸਮੀ ਵਿਧੀਆਂ ਦੁਆਰਾ ਹੁੰਦਾ ਹੈ।

**4.5 ਸਾਰ (Summary)**

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ੱਟ ਹੁੰਦਾ ਹੈ ਕਿ ਜਿਥੇ ਪ੍ਰਾਥਮਿਕ ਸਮੂਹਾਂ ਦੀ ਮਹੱਤਤਾ ਹੈ, ਉਥੇ ਹੀ ਗੌਣ ਸਮੂਹਾਂ ਦਾ ਵੀ ਸਮਾਜ ਵਿੱਚ ਆਪਣਾ ਸਥਾਨ ਹੈ। ਇਸੇ ਤਰ੍ਹਾਂ ਅੰਤਰ-ਸਮੂਹ ਅਤੇ ਬਾਹਰੀ ਸਮੂਹ ਵੀ ਆਪਣੀ ਆਪਣੀ ਮਹੱਤਤਾ ਰੱਖਦੇ ਹਨ। ਅਸਲ ਵਿਚ ਸਮਾਜ ਵਿਚ ਰਹਿੰਦੇ ਹੋਏ ਆਦਮੀ ਕਈ ਸਮੂਹਾਂ, ਸਭਾ, ਸੋਸਾਇਟੀਆਂ ਦਾ ਮੈਂਬਰ ਹੁੰਦਾ ਹੈ ਅਤੇ ਉਨ੍ਹਾਂ ਵਿਚ ਅਲੱਗ ਅਲੱਗ ਭੂਮਿਕਾਵਾਂ ਨਿਭਾਉਂਦਾ ਹੈ ਜਿਨ੍ਹਾਂ ਦੇ ਆਧਾਰ ਤੇ ਉਸ ਦਾ ਰੁੱਤਬਾ ਤਹਿ ਹੁੰਦਾ ਹੈ। ਇਥੇ ਹੀ ਬੱਸ ਨਹੀਂ ਇਕ ਸਮੂਹ ਵਿਚ ਵੀ ਉਹ ਕਈ ਕਈ ਭੂਮਿਕਾਵਾਂ ਨਿਭਾਉਂਦਾ ਹੈ। ਜਿਵੇਂ ਪਰਿਵਾਰ ਵਿਚ ਇਕ ਪਤੀ ਦੇ ਰੂਪ ਵਿਚ, ਭਰਾ ਦੇ ਰੂਪ ਵਿਚ, ਪਿਤਾ ਦੇ ਰੂਪ ਵਿਚ, ਚਾਚੇ ਜਾਂ ਤਾਏ ਦੇ ਰੂਪ ਵਿਚ ਆਦਿ। ਅਸੀਂ ਸਮਾਜ ਨੂੰ ਉਨ੍ਹਾਂ ਚਿਰ ਨਹੀਂ ਸਮਝ ਸਕਦੇ ਜਿਨ੍ਹਾਂ ਚਿਰ ਅਸੀਂ ਸਮਾਜਕ ਸਮੂਹਾਂ ਬਾਰੇ ਜਾਣਕਾਰੀ ਹਾਸਿਲ ਨਹੀਂ ਕਰ ਲੈਂਦੇ। ਸੋ ਇਸ ਦ੍ਰਿਸ਼ਟੀ ਤੋਂ ਇਨ੍ਹਾਂ ਦਾ ਅਧਿਐਨ ਬਹੁਤ ਹੀ ਲਾਜ਼ਮੀ ਬਣ ਜਾਂਦਾ ਹੈ।

**ਸਵੈ-ਮੁਲਾਂਕਣ ਲਈ (Questions for Self Evaluation)**

(i) ਅੰਤਰ ਸਮੂਹ ਤੇ ਬਾਹਰੀ ਸਮੂਹ ਇਕ ਹੀ ਸੰਕਲਪ ਹੈ। ਠੀਕ/ਗਲਤ

(ii) ਅੰਤਰ ਸਮੂਹ ਦਾ ਅਕਾਰ ਵੱਡਾ ਹੰਦਾ ਹੈ। ਠੀਕ/ਗਲਤ

(iii) ਅੰਤਰ ਸਮੂਹ ਤੇ ਬਾਹਰੀ ਸਮੂਹ ਕਿਸੇ ਹਾਲਤ ਵਿਚ ਬਦਲੇ ਨਹੀਂ ਜਾ ਸਕਦੇ। ਠੀਕ/ਗਲਤ

(iv) ਪ੍ਰਾਥਮਿਕ ਤੇ ਗੌਣ ਸਮੂਹ ਵੱਖਰੇ-ਵੱਖਰੇ ਸੰਕਲਪ ਹਨ । ਠੀਕ/ਗਲਤ

(v) ਪ੍ਰਾਥਮਿਕ ਸਮੂਹ ਆਹਮੋ-ਸਾਮਣੇ ਮਿਲਣ ਨਾਲ ਸੰਬੰਧਤ ਹੁੰਦੇ ਹਨ । ਠੀਕ/ਗਲਤ

(vi) ਗੌਣ ਸਮੂਹ ਦੇ ਅਸੂਲ ਲਿਖਤੀ ਹੁੰਦੇ ਹਨ । ਠੀਕ/ਗਲਤ

ਕੁੰਜੀ: (1) ਗਲਤ (2) ਗਲਤ (3) ਗਲਤ (4) ਠੀਕ (5) ਠੀਕ (6) ਠੀਕ

## 4.6 ਸੁਝਾਏ ਪ੍ਰਸ਼ਨ (Suggested Questions)

1. ਅੰਤਰ ਸਮੂਹ ਅਤੇ ਬਾਹਰੀ ਸਮੂਹ ਕੀ ਹੁੰਦੇ ਹਨ ? ਇਨ੍ਹਾਂ ਦੀਆਂ ਵਿਸ਼ੇਸ਼ਤਾਈਆਂ ਤੇ ਰੋਸ਼ਨੀ ਪਾਓ ।
2. ਪ੍ਰਾਥਮਿਕ ਸਮੂਹ ਤੋਂ ਕੀ ਭਾਵ ਹੈ ? ਇਸ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?
3. ਗੌਣ ਸਮੂਹ ਬਾਰੇ ਵੱਖ-ਵੱਖ ਵਿਦਵਾਨਾਂ ਦੇ ਕੀ ਵਿਚਾਰ ਹਨ ? ਇਸ ਦੀਆਂ ਵਿਸ਼ੇਸ਼ਤਾਵਾਂ ਉੱਪਰ ਖੁੱਲ੍ਹ ਕੇ ਚਰਚਾ ਕਰੋ ।
4. ਹੇਠ ਲਿਖਿਆਂ ਤੇ ਸੰਖੇਪ ਨੋਟ ਲਿਖੋ

(ੳ) ਪ੍ਰਾਥਮਿਕ ਸਮੂਹ ਦਾ ਵਰਨਣ ਦਸ ਲਾਈਨਾਂ ਵਿਚ ਬਿਆਨ ਕਰੋ ।

(ਅ) ਗੌਣ ਸਮੂਹ ਦੇ ਭਾਵ ਦਰਸਾਓ ।

(ੲ) ਪ੍ਰਾਥਮਿਕ ਅਤੇ ਗੌਣ ਸਮੂਹ ਵਿਚ ਅੰਤਰ ਬਾਰੇ ਸੰਖੇਪ ਵਿਚ ਦੱਸੋ ।

(ਸ) ਅੰਤਰ ਸਮੂਹ ਕਿਸਨੂੰ ਆਖਦੇ ਹਨ ?

(ਹ) ਬਾਹਰੀ ਸਮੂਹ ਤੋਂ ਕੀ ਭਾਵ ਹੈ ?

## 4.7 ਸੁਝਾਈਆਂ ਪੁਸਤਕਾਂ (Suggested Books)


| | |
|---|---|
| ਸੈਮੂਅਲ ਕੋਇਨਿੰਗ | "ਸਮਾਜ ਵਿਗਿਆਨ : ਸਮਾਜ ਦੇ ਵਿਗਿਆਨ ਨਾਲ ਜਾਣ-ਪਛਾਣ" ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1994 (ਅਨੁਵਾਦਕ ਬਲਦੇਵ ਸਿੰਘ ਰਹਿਲ) |
| ਡਾ. ਸਵਿੰਦਰਜੀਤ ਕੌਰ | "ਸਮਾਜ-ਵਿਗਿਆਨ ਦੇ ਮੂਲ ਸੰਕਲਪ" ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987 |
| ਮੈਕਾਇਵਰ ਅਤੇ ਪੇਜ਼ | "ਸਮਾਜ" |
| ਗਿਲਿਨ ਅਤੇ ਗਿਲਿਨ | "ਕਲਚਰਲ ਸਸ਼ੋਲੋਜ਼ੀ" |
| ਹੈਰੀ ਐਮ. ਜਾਨਸ਼ਨ | "ਸਸ਼ੋਲੋਜ਼ੀ : ਏ. ਸਿਸਟੇਮੈਟਿਕ ਇੰਟਰੋਡਕਸ਼ਨ" ਐਲਾਇਡ ਪਬਲਿਸ਼ਰਜ਼, ਨਵੀਂ ਦਿੱਲੀ, 1988 |
| ਕਿੰਗਜ਼ਲੇ ਡੇਵਿਸ | "ਮਨੁੱਖੀ ਸਮਾਜ" ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971 (ਅਨੁਵਾਦ : ਡਾ. ਪ੍ਰਕਾਸ਼ ਸਿੰਘ ਜੰਮੂ) |
| ਵਿਦਿਆ ਭੂਸ਼ਨ ਅਤੇ ਸਚਦੇਵਾ | "ਐਨ. ਇੰਟਰੋਡਕਸ਼ਨ ਟੂ ਸਸ਼ੋਲੋਜੀ", ਕਿਤਾਬ ਮਹੱਲ, ਸਚਦੇਵਾ ਅਲਾਹਾਬਾਦ, 1993 |